



ਪੰਜਾਬੀਆਂ ਦੀ ਸੋਚ ਦਾ ਹਾਣੀ

RNI NO: PUNMUL/2022/85966

# ਪੰਜਾਬੀ ਪਹਿਚਾਣ

www.punjabipehehan.com

● ਮੁੱਖ ਸੰਪਾਦਕ : ਜਗਜੀਤ ਸਿੰਘ ਧੰਜੂ ● ਸੰਪਾਦਕ : ਚਰਨਜੀਤ ਸਿੰਘ ਸੰਘਾ ● ਪ੍ਰਬੰਧਕੀ ਸੰਪਾਦਕ : ਗੁਰਪ੍ਰੀਤ ਸਿੰਘ ਧੰਜੂ

ਸਾਲ : ਪਹਿਲਾ | ਅੰਕ : ਦੂਜਾ | ਫਰਵਰੀ 2024 | ਸਫੇ : 12 | ਮੁੱਲ : 25/ਰੁ:- | Ph: 0181-4640400, 93166-12100 | E-mail : punjabipechanifo@gmail.com | PUNJABI PEHCHAN



ਅੰਦਰ ਸ਼ਾਤ

ਸਫ਼ਾ 03

ਚੰਡੀਗੜ੍ਹ ਦਾ ਮੁੱਦਾ ਉਲਝਾਉਣ ਦੀ ਬਜਾਏ ਸੁਲਝਾਓ

ਸਫ਼ਾ 04

ਉਮੀਦਵਾਰ ਹੁਣ ਚੋਣ ਪ੍ਰਚਾਰ ਤੇ 95 ਲੱਖ ਹੀ ਖਰਚ ਕਰ ਸਕਣਗੇ

ਸਫ਼ਾ 05

ਇੰਟਰਨੈੱਟ ਧੋਖਾਧੜੀ ਅਤੇ ਪੈਸੇ ਦੀ ਠੱਗੀ ਦੀਆਂ ਵੱਧ ਰਹੀਆਂ ਵਾਰਦਾਤਾਂ


ਸਫ਼ਾ 08

ਮਿਹਨਤ ਅਤੇ ਦ੍ਰਿੜ੍ਹ ਨਿਸ਼ਚੇ ਨਾਲ ਕੁਮਾਰੀ ਸੁਨਾਲੀ ਕੌਲ ਬਣੇ ਜੱਜ

ਸਫ਼ਾ 10

ਕੈਨੇਡਾ ਵਿੱਚ ਕਿਉਂ ਉੱਠ ਰਹੇ ਨੇ ਵਿਦਿਆਰਥੀ ਸੰਘਰਸ਼?


## ਪੰਜਾਬ ਤੇ ਕਿਸਾਨਾਂ ਬਾਰੇ ਕੈਪਟਨ ਨੇ ਮੋਦੀ ਨਾਲ ਕੀਤੀ ਮੀਟਿੰਗ



ਨਵੀਂ ਦਿੱਲੀ : ਪੰਜਾਬ ਤੇ ਕਿਸਾਨਾਂ ਬਾਰੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਕਿਸਾਨਾਂ ਨਾਲ ਜੁੜੇ ਕਈ ਮੁੱਦਿਆਂ 'ਤੇ ਚਰਚਾ ਕੀਤੀ। ਕੈਪਟਨ ਨੇ 'ਐਕਸ' 'ਤੇ ਪੋਸਟ 'ਚ ਕਿਹਾ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨਾਲ ਪੰਜਾਬ ਦੇ ਮੁੱਦਿਆਂ ਸਮੇਤ ਕਿਸਾਨਾਂ ਦੀਆਂ ਚਿੰਤਾਵਾਂ ਨਾਲ ਜੁੜੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ।' ਇਸ ਬੈਠਕ ਦੌਰਾਨ ਕੈਪਟਨ ਦੀ ਧੀ ਜੈਇੰਦਰ ਕੌਰ ਵੀ ਉਨ੍ਹਾਂ ਦੇ ਨਾਲ ਸਨ।

ਭਰੋਸੇਯੋਗ ਸੂਤਰਾਂ ਤੋਂ ਇਹ ਵੀ ਪਤਾ ਚੱਲਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਗਾਮੀ ਲੋਕ ਸਭਾ ਚੋਣਾਂ ਨਹੀਂ ਲੜਨਗੇ। ਕਨਸੋਆਂ ਇਹ ਵੀ ਹਨ ਕਿ ਮਹਾਰਾਣੀ ਪ੍ਰਨੀਤ ਕੌਰ ਭਾਰਤੀ ਜਨਤਾ ਪਾਰਟੀ ਦੀ ਪਟਿਆਲਾ ਤੋਂ ਉਮੀਦਵਾਰ ਹੋ ਸਕਦੀ ਹੈ।

## ਸੁਪਰੀਮ ਕੋਰਟ ਨੇ ਚੰਡੀਗੜ੍ਹ ਮੇਅਰ ਦੀ ਚੋਣ ਕੀਤੀ ਰੱਦ

### 'ਆਪ' ਦੇ ਕੁਲਦੀਪ ਕੁਮਾਰ ਨੂੰ ਚੁਣਿਆ ਚੰਡੀਗੜ੍ਹ ਮੇਅਰ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਚੰਡੀਗੜ੍ਹ ਲਈ ਬਹੁਤ ਹੀ ਇਤਿਹਾਸਕ ਫੈਸਲਾ ਦਿੰਦੇ ਹੋਏ ਮੇਅਰ ਦੇ ਅਹੁਦੇ ਲਈ ਹੋਈਆਂ ਵਿਵਾਦਤ ਚੋਣਾਂ ਨੂੰ ਰੱਦ ਕਰ ਦਿੱਤਾ ਹੈ। ਸਰਵਉੱਚ ਅਦਾਲਤ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਦੀਪ ਕੁਮਾਰ ਨੂੰ ਜੇਤੂ ਐਲਾਨਦਿਆਂ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦਾ ਮੇਅਰ ਕਰਾਰ ਦਿੱਤਾ। ਇਸ ਦੇ ਨਾਲ ਅਦਾਲਤ ਨੇ ਕਿਹਾ ਕਿ ਰਿਟਰਨਿੰਗ ਅਧਿਕਾਰੀ ਨੇ ਜਾਣਬੁੱਝ ਕੇ ਵੋਟਾਂ ਨੂੰ ਗਲਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ ਪਈਆਂ ਵੋਟਾਂ ਦੀ ਮੁੜ ਗਿਣਤੀ ਕਰੇਗੀ ਅਤੇ ਅੱਠ ਰੱਦ ਵੋਟਾਂ 'ਤੇ ਵਿਚਾਰ ਕਰਨ ਤੋਂ ਬਾਅਦ ਨਤੀਜਾ ਐਲਾਨੇਗੀ।



ਰਿਟਰਨਿੰਗ ਅਫਸਰ ਨੇ ਇਨ੍ਹਾਂ ਵੋਟਾਂ ਅੱਠ ਵੋਟਾਂ ਨੂੰ ਅਯੋਗ ਕਰਾਰ ਦਿੱਤਾ ਸੀ। ਸ੍ਰੀ ਕੁਲਦੀਪ ਕੁਮਾਰ ਨੇ ਰਿਟਰਨਿੰਗ ਅਧਿਕਾਰੀ ਅਨਿਲ ਮਸੀਹ 'ਤੇ ਚੋਣ ਧਾਂਦਲੀ ਕਰਨ ਦਾ ਦੋਸ਼ ਲਗਾਇਆ ਸੀ।

ਸੁਪਰੀਮ ਕੋਰਟ ਬੈਲਟ ਪੇਪਰਾਂ ਦੀ ਜਾਂਚ ਕੀਤੀ ਅਤੇ ਵੀਡੀਓ ਰਿਕਾਰਡਿੰਗ ਨੂੰ ਦੇਖੀ, ਜੋ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਦੁਆਰਾ ਨਿਯੁਕਤ ਇੱਕ ਨਿਆਂਇਕ ਅਧਿਕਾਰੀ ਦੁਆਰਾ ਪੇਸ਼ ਕੀਤੀ ਗਈ ਸੀ। ਇਸ ਦੌਰਾਨ ਸਰਵਉੱਚ ਅਦਾਲਤ ਨੇ ਚੋਣ ਗੜਬੜੀ ਲਈ ਅਨਿਲ ਮਸੀਹ 'ਤੇ ਮੁਕੱਦਮਾ ਚਲਾਉਣ ਦਾ ਹੁਕਮ ਦਿੱਤਾ ਗਿਆ ਹੈ।


## 1 ਮਾਰਚ ਤੋਂ ਸ਼ੁਰੂ ਹੋਵੇਗੀ ਦੁਨੀਆ ਦੀ ਪਹਿਲੀ ਵੈਦਿਕ ਘੜੀ

### ਦੱਸੇਗੀ ਸ਼ੁਭ ਸਮਾਂ-ਪੰਚਾਂਗ • ਪ੍ਰਧਾਨ ਮੰਤਰੀ ਮੋਦੀ ਕਰਨਗੇ ਉਦਘਾਟਨ

ਪੰਜਾਬੀ ਪਹਿਚਾਣ ਬਿਊਰੋ : ਵਿਸ਼ਵ ਦੀ ਪਹਿਲੀ ਵੈਦਿਕ ਘੜੀ 1 ਮਾਰਚ ਤੋਂ ਮਹਾਕਾਲ ਦੀ ਨਗਰੀ ਉਜੈਨ ਵਿੱਚ ਸ਼ੁਰੂ ਹੋਣ ਜਾ ਰਹੀ ਹੈ। ਇਸ ਦੇ ਲਈ 85 ਫੁੱਟ ਉੱਚਾ ਟਾਵਰ ਤਿਆਰ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦਾ ਵਰਚੁਅਲ ਉਦਘਾਟਨ ਕਰਨਗੇ। ਮੁੱਖ ਮੰਤਰੀ ਡਾਕਟਰ ਮੋਹਨ ਯਾਦਵ ਉਜੈਨ ਨੂੰ ਸਮੇਂ ਦੀ ਗਣਨਾ ਦਾ ਕੇਂਦਰ ਬਣਾਉਣਾ ਚਾਹੁੰਦੇ ਹਨ।



## ਰੇਡੀਓ ਦੀ ਮਸ਼ਹੂਰ ਆਵਾਜ਼ ਖਾਮੋਸ਼: ਨਹੀਂ ਰਹੇ ਅਮੀਨ ਸਯਾਨੀ



ਮੁੰਬਈ : ਮਸ਼ਹੂਰ ਰੇਡੀਓ ਪੇਸ਼ਕਾਰ ਅਮੀਨ ਸਯਾਨੀ ਦਾ 91 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪੁੱਤ ਰਾਜੀਲ ਨੇ ਦੱਸਿਆ, 'ਅਮੀਨ ਸਯਾਨੀ ਦਾ ਦਿਲ ਦਾ ਦੌਰਾ ਪੈਣ ਕਾਰਨ ਸ਼ਾਮ 7 ਵਜੇ ਦੇ ਕਰੀਬ ਐੱਚਐੱਨ ਰਿਲਾਇੰਸ ਹਸਪਤਾਲ 'ਚ ਦੇਹਾਂਤ ਹੋ ਗਿਆ।' ਅੱਜ ਵੀ ਰੇਡੀਓ ਸੁਣਨ ਦੇ ਸ਼ੌਕੀਨ ਲੋਕਾਂ ਦੇ ਕੰਨਾਂ 'ਚ ਸਯਾਨੀ ਦੀ ਆਵਾਜ਼ ਗੂੰਜਦੀ ਹੈ,'ਭਾਈਓ-ਭੈਣੋ। ਮੈਂ ਆਪਕਾ ਦੋਸਤ ਅਮੀਨ ਸਯਾਨੀ ਬੋਲ ਰਹਾਂ ਹੂੰ।' ਪ੍ਰੋਗਰਾਮ 'ਬਿਨਾਕਾ ਗੀਤਮਾਲਾ' ਨੇ ਉਨ੍ਹਾਂ ਨੂੰ ਕਾਫੀ ਪ੍ਰਸਿੱਧੀ ਦਿਵਾਈ। ਅਦਾਰਾ 'ਪੰਜਾਬੀ ਪਹਿਚਾਨ' ਇਸ ਬੁਲੰਦ ਆਵਾਜ਼ ਦੇ ਖਾਮੋਸ਼ ਹੋਣ 'ਤੇ ਡੂੰਘੇ ਸਦਮੇ ਵਿੱਚ ਹੈ।

## 23 ਫਸਲਾਂ ਐੱਮਐੱਸਪੀ 'ਤੇ ਖਰੀਦਣ ਲਈ ਕਾਨੂੰਨ ਬਣੇ: ਹਰਸਿਮਰਤ

ਬਠਿੰਡਾ: ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵਾਅਦਾ ਕੀਤਾ ਸੀ ਕਿ ਸਾਰੀਆਂ 23 ਫਸਲਾਂ ਐੱਮਐੱਸਪੀ ਅਨੁਸਾਰ ਖਰੀਦੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜੇ ਕੇਂਦਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਫਿਰ ਮੁੱਖ ਮੰਤਰੀ ਨੂੰ ਇਸ ਤਜਵੀਜ ਨੂੰ ਪੰਜਾਬ ਵਿੱਚ ਅਮਲੀ ਜਾਮਾ ਪਹਿਨਾਉਣ ਲਈ ਢੁੱਕਵਾਂ ਕਾਨੂੰਨ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਸਾਨ ਯੂਨੀਅਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣਾ ਵਾਅਦਾ ਪੂਰਾ ਕਰਨ ਲਈ ਮੁੱਖ ਮੰਤਰੀ 'ਤੇ ਦਬਾਅ ਬਣਾਉਣ। ਸ੍ਰੀਮਤੀ ਬਾਦਲ ਕੇਂਦਰੀ ਯੂਨੀਵਰਸਿਟੀ ਵਿੱਚ ਖੇਡ ਸਮਾਗਮ ਵਿੱਚ ਹਿੱਸਾ ਲੈਣ ਆਏ ਸਨ। ਉਨ੍ਹਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਦੇ ਖੇਤਰ ਵਿੱਚ ਕਿਸਾਨਾਂ 'ਤੇ ਹਮਲਾ ਕਰਨ



ਵਾਲੇ ਹਰਿਆਣਾ ਪੁਲੀਸ ਦੇ ਮੁਲਾਜਮਾਂ ਖਿਲਾਫ ਕਾਰਵਾਈ ਕਰਨ ਤੋਂ ਇਨਕਾਰ ਕਰ ਕੇ ਮੁੱਖ ਮੰਤਰੀ ਨੇ ਸਾਬਤ ਕੀਤਾ ਹੈ ਕਿ ਉਹ ਕਿਸਾਨਾਂ ਲਈ ਮਗਰਮੱਛ ਦੇ ਹੰਝੂ ਵਹਾ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਹਰਿਆਣਾ ਪੁਲੀਸ ਦੇ ਅਧਿਕਾਰੀਆਂ ਖਿਲਾਫ ਤੁਰੰਤ ਫੌਜਦਾਰੀ ਕੇਸ ਦਰਜ ਕੀਤਾ ਜਾਵੇ।







## ਕਾਂਗਰਸ ਨੂੰ ਦਬਾਉਣ ਲਈ ਭਾਜਪਾ ਸਰਕਾਰੀ ਏਜੰਸੀਆਂ ਦੀ ਕਰ ਰਹੀ ਦੁਰਵਰਤੋਂ: ਰਾਜਾ ਵੜਿੰਗ

ਮੁਹਾਲੀ : ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੋਸ਼ ਲਾਇਆ ਕਿ ਕੇਂਦਰ ਦੀ ਮੋਦੀ ਸਰਕਾਰ ਵਿਰੋਧੀ ਧਿਰਾਂ ਖਾਸ ਕਰਕੇ ਕਾਂਗਰਸ ਪਾਰਟੀ ਤੇ ਗਾਂਧੀ ਪਰਿਵਾਰ ਦੀ ਆਵਾਜ਼ ਨੂੰ ਦਬਾਉਣ ਲਈ ਈਡੀ, ਸੀਬੀਆਈ ਅਤੇ ਆਮਦਨ ਕਰ ਵਿਭਾਗ ਦੀ ਦੁਰਵਰਤੋਂ ਕਰ ਰਹੀ ਹੈ। ਉਨ੍ਹਾਂ ਪੰਜਾਬ ਕਾਂਗਰਸ ਵੱਲੋਂ ਇੱਥੇ ਦੇ ਸੈਕਟਰ 68 ਵਿਚ ਆਮਦਨ ਕਰ ਵਿਭਾਗ ਦੇ ਦਫਤਰ ਅੱਗੇ ਲਗਾਏ ਧਰਨੇ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਂਗਰਸ ਵੱਲੋਂ ਇਹ ਧਰਨਾ ਆਮਦਨ ਕਰ ਵਿਭਾਗ ਵੱਲੋਂ ਕਾਂਗਰਸ ਪਾਰਟੀ ਦੇ ਖਾਤੇ ਸੀਲ ਕਰਨ ਦੇ ਵਿਰੋਧ ਤਹਿਤ ਦਿੱਤਾ ਗਿਆ ਹੈ।




ਸ੍ਰੀ ਵੜਿੰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਵਿੱਚ ਆਰਐੱਸਐੱਸ ਦੀ ਵਿਚਾਰਧਾਰਾ ਲਾਗੂ ਕਰਨ ਲਈ ਕਾਂਗਰਸ ਪਾਰਟੀ ਨੂੰ ਤੋੜਨ ਅਤੇ ਕਮਜ਼ੋਰ ਕਰਨ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਲੋਕਤੰਤਰ ਦਾ ਘਾਣ ਕਰ ਰਹੇ ਹਨ। ਦੇਸ਼ ਦੀ 138 ਸਾਲ ਪੁਰਾਣੀ ਕਾਂਗਰਸ ਪਾਰਟੀ ਦੇ ਖਾਤੇ ਵਿੱਚ ਸਿਰਫ 170-80 ਕਰੋੜ ਰੁਪਏ ਹਨ ਤੇ ਸਿਰਫ ਦਸ ਸਾਲਾਂ ਤੋਂ ਸੱਤਾ ਵਿੱਚ ਆਈ ਭਾਜਪਾ ਦੇ ਖਾਤੇ ਵਿੱਚ 6500 ਕਰੋੜ ਦੀ ਰਾਸ਼ੀ ਹੈ ਜਿਸ ਦੀ ਆਮਦਨ ਕਰ ਵਿਭਾਗ ਜਾਂਚ ਕਿਉਂ ਨਹੀਂ ਕਰ ਰਿਹਾ। ਦੇਸ਼ ਦੇ ਲੋਕ ਸਾਰਾ ਕੁਝ ਵੇਖ ਰਹੇ ਹਨ ਅਤੇ ਲੋਕ ਸਭਾ ਚੋਣਾਂ ਵਿੱਚ ਉਹ ਇਸ ਸਭ ਲਈ ਭਾਜਪਾ ਦੀ ਮੋਦੀ ਸਰਕਾਰ ਨੂੰ ਸਬਕ ਸਿਖਾਉਣ ਲਈ ਤਿਆਰ ਬੈਠੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਅਜਿਹੀਆਂ ਕਾਰਵਾਈਆਂ ਬੰਦ ਨਾ ਹੋਈਆਂ ਤਾਂ ਕਾਂਗਰਸ ਪਾਰਟੀ ਵੱਡੇ ਸੰਘਰਸ਼ ਤੋਂ ਗੁਰੇਜ਼ ਨਹੀਂ ਕਰੇਗੀ।

# ਬੇ.ਗਮਪੁਰੇ ਦਾ ਸੁਪਨਸਾਜ-ਗੁਰੂ ਰਵਿਦਾਸ





ਲੇਖਕ
ਲਾਲ ਸਿੰਘ ਸੁਲਹਾਣੀ
9872155120

ਸੰਸਾਰ ਵਿੱਚ ਹੁਣ ਤੱਕ ਪ੍ਰਗਟ ਹੋਈਆਂ ਸ਼ਖ਼ਸੀਅਤਾਂ ਵਿਚੋਂ ਗੁਰੂ ਰਵਿਦਾਸ ਕਾਦਰ ਦੀ ਕੁਦਰਤ ਦਾ ਉੱਤਮ ਨਮੂਨਾ ਹੈ। ਜਾਂ ਇਉਂ ਕਹੋ ਕਿ ਉਹ ਇਕ ਐਸਾ ਗਿਆਨ ਦਾ ਸੂਰਜ ਸੀ ਜਿਸ ਨੇ ਜ਼ਿੰਦਗੀ ਦੀ ਸੱਜਰੀ ਪ੍ਰਭਾਤ ਇਸ ਧਰਤੀ 'ਤੇ ਲਿਆਂਦੀ। ਜਿਸ ਸਦਕਾ ਸਦੀਆਂ ਤੋਂ ਪਸਰੀ ਅਗਿਆਨਤਾ ਤੇ ਹਨੇਰੇ ਦੇ ਧੁੰਦ ਗੁਬਾਰ ਵਿਚੋਂ ਨਿਕਲਣ ਲਈ ਮਾਨਵਤਾ ਨੂੰ ਪ੍ਰਕਾਸ਼ ਪ੍ਰਾਪਤ ਹੋਇਆ। ਉਹ ਅਖੋਤੀ ਅਛੂਤਾਂ ਦੇ ਵਿਹੜਿਆਂ ਵਿਚ ਪ੍ਰਜਵਲਤ ਹੋਈ ਉਹ ਜੋਤ ਸੀ ਜਿਸ ਦੀ ਚਮਕ ਦਮਕ ਬ੍ਰਾਹਮਣੀ ਵਿਦਵਤਾ ਦੀਆਂ ਸਾਜਿਸ਼ਾਂ ਰਾਂਹੀ ਧੁੰਦਲਾ ਗਏ ਭੂਤਕਾਲ ਦੇ ਬਾਵਜੂਦ ਵੀ ਰੋਕੀ ਨਹੀਂ ਜਾ ਸਕੀ। ਹਨੇਰਗਰਦੀ ਦੇ ਯੁੱਗ ਵਿੱਚ ਅਛੂਤਾਂ ਦੀਆਂ ਕੁੱਲੀਆਂ ਵਿਚੋਂ ਮਾਂ ਕਲਸਾਂ ਦੀ ਕੁੱਖੋਂ ਪਿਤਾ ਸੰਤੋਖ ਦੇ ਘਰ ਮਾਘ ਦੀ ਪੂਰਨਮਾਸ਼ੀ ਸੰਮਤ 1470 ਬਿਕਰਮੀ ਅਰਥਾਤ 1413 ਈਸਵੀ ਨੂੰ ਬਨਾਰਸ ਦੇ ਨਜ਼ਦੀਕ ਸੀਰ- ਗੋਵਰਧਨਪੁਰਾ ਵਿਖੇ ਹੋਇਆ ਮੰਨਿਆ ਜਾਂਦਾ ਹੈ। ਇਤਿਹਾਸ ਗਵਾਹ ਹੈ ਕਿ ਆਪ ਨੇ ਬਚਪਨ ਵਿੱਚ ਹੀ ਮਨੂਸਿਮਰਤੀ ਦੇ ਕਾਲੇ ਕਾਨੂੰਨਾਂ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਆਪ ਨੇ ਮਾਨਵਵਾਦੀ ਵਿਚਾਰਾਂ ਦੇ ਮੁਦੱਈ ਸੰਤ ਰਮਾਨੰਦ ਦੀ ਮਦਦ ਤੇ ਅਗਵਾਈ ਨਾਲ ਚੋਖੀ ਵਿਦਿਆ ਗ੍ਰਹਿਣ ਕਰ ਲਈ। ਉਹਨਾਂ ਨੇ ਅਛੂਤ ਗੱਭਰੂਆਂ ਨੂੰ ਇਕੱਠਾ ਕਰਕੇ ਸਮਾਜਿਕ ਨਾ ਬਰਾਬਰੀ, ਜਬਰ ਜ਼ੁਲਮ, ਜਾਤ-ਪਾਤ, ਛੂਤ- ਛਾਤ ਤੇ ਵਰਣ-ਵਿਵਸਥਾ ਵਿਰੁੱਧ ਸੰਘਰਸ਼ ਸ਼ੁਰੂ ਕਰ ਦਿੱਤਾ ਅਤੇ ਬ੍ਰਾਹਮਣਵਾਦ ਤੇ ਬ੍ਰਾਹਮਣ ਦੇ ਭਰਮ ਜਾਲ ਦਾ ਭਾਂਡਾ ਭੰਨਣਾ ਸ਼ੁਰੂ ਕਰ ਦਿੱਤਾ। ਸ਼ੂਦਰਾਂ ਤੇ ਅਤਿ- ਸ਼ੂਦਰਾਂ ਵਿਰੁੱਧ ਮਨੂਸਿਮਰਤੀ ਤੇ ਹੋਰ ਧਾਰਮਿਕ ਗ੍ਰੰਥਾਂ ਦੁਆਰਾ ਲਾਈਆਂ ਗਈਆਂ ਪਾਬੰਦੀਆਂ ਵਿਰੁੱਧ ਜ਼ੋਰਦਾਰ ਬਗਾਵਤ ਦਾ ਬਿਗਲ ਵਜਾ ਦਿੱਤਾ। ਆਪ ਨੇ ਸ਼ੂਦਰਾਂ ਲਈ ਮਨਾਹੀ ਵਾਲੇ ਕੰਮ ਸ਼ੁਰੂ ਕਰਕੇ ਬ੍ਰਾਹਮਣ ਅਤੇ ਉਸਦੇ ਧਾਰਮਿਕ ਗ੍ਰੰਥਾਂ ਦੀ ਅਥਾਰਟੀ ਨੂੰ ਚੁਣੌਤੀ ਦਿੱਤੀ, ਜਿਵੇਂ ਸੰਖ ਵਜਾਉਣਾ, ਪਾਠ ਪੂਜਾ ਕਰਨਾ, ਜਨੇਊ ਪਹਿਨਣਾ, ਵਿਦਿਆ ਗ੍ਰਹਿਣ ਕਰਨਾ, ਧਾਰਮਿਕ ਉਪਦੇਸ਼ ਦੇਣਾ ਆਦਿ। ਬ੍ਰਾਹਮਣ ਨੇ ਸੋਚਿਆ ਕਿ ਜੇ ਇਸ ਤਰ੍ਹਾਂ ਇਕ ਇਕ ਕਰਕੇ ਸ਼ੂਦਰ ਹੱਥੋਂ ਨਿਕਲ ਗਏ ਤਾਂ ਉਸਦੀ ਸਰਦਾਰੀ ਕਿਵੇਂ ਕਾਇਮ ਰਹੇਗੀ। ਇਸ ਲਈ ਉਹ ਗੁਰੂ ਰਵਿਦਾਸ ਦੀਆਂ ਇਹ ਵਿਦਰੋਹੀ ਹਰਕਤਾਂ ਦੇਖ ਕੇ ਅੱਗ ਬਬੂਲਾ ਹੋ ਉੱਠੇ। ਜਾਤ ਅਭਿਮਾਨੀ ਬ੍ਰਾਹਮਣਾਂ ਦਾ ਹੰਕਾਰ ਤੋੜਨ ਲਈ ਉਹਨਾਂ ਨੇ ਅਛੂਤ ਨੌਜਵਾਨਾਂ ਨੂੰ ਇਕੱਠੇ ਕਰਕੇ ਬਨਾਰਸ ਦੇ ਬਾਜ਼ਾਰਾਂ ਵਿਚ ਜਲੂਸ ਕੱਢ ਦਿੱਤਾ। ਜਦੋਂ ਕਿ ਆਮ ਰਸਤੇ 'ਤੇ ਚੱਲਣ ਦੀ ਵੀ ਅਛੂਤਾਂ ਲਈ ਮਨਾਹੀ ਸੀ। ਆਪ ਵੱਲੋਂ ਕੀਤਾ ਗਿਆ ਇਹ ਬਾਗੀਆਨਾਂ ਤੇ ਮੁਜ਼ਰਮਾਨਾਂ ਕੰਮ ਬ੍ਰਾਹਮਣਾਂ ਦੇ ਬਰਦਾਸ਼ਤ ਤੋਂ ਬਾਹਰ ਦੀ ਗੱਲ ਸੀ। ਉਹਨਾਂ ਨੇ ਹਰ ਹਰਬਾ ਵਰਤ ਕੇ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ। ਪਰ ਆਪ ਦੀ ਤਰਕਸ਼ੀਲ ਵਿਚਾਰਧਾਰਾ ਸਾਹਮਣੇ ਉਹ ਅੜ ਨਾ ਸਕੇ। ਕੋਈ ਧਮਕੀ, ਕੋਈ ਡਰਾਵਾ ਉਹਨਾਂ ਤੇ ਅਸਰ ਨਾ ਪਾ ਸਕਿਆ। ਸੱਚ ਦੇ ਪਾਂਧੀ ਸੰਤ ਰਵਿਦਾਸ ਜੀ ਨੂੰ ਕੋਈ ਲਾਲਚ ਮੋਹ ਨਾ ਸਕਿਆ। ਜਦੋਂ ਹੈਂਕੜ ਬਾਜ਼ ਤੇ ਜਾਤ ਅਭਿਮਾਨੀ ਬ੍ਰਾਹਮਣਾਂ ਦੀ ਕੋਈ ਪੇਸ਼ ਨਾ ਗਈ ਤਾਂ ਉਨ੍ਹਾਂ ਨੇ ਸਮੇਂ ਦੇ ਹਾਕਮ ਨਾਗਰ ਮੱਲ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਪੇਸ਼ੀ ਸਮੇਂ ਰਾਜਾ ਗੁਰੂ ਜੀ ਦੀਆਂ ਅਕੱਟ ਦਲੀਲਾਂ ਤੇ ਮਾਨਵੀ ਵਿਚਾਰਾਂ ਨੂੰ ਸੁਣਕੇ ਸਗੋਂ ਉਨ੍ਹਾਂ ਦਾ ਮੁਰੀਦ ਬਣ ਗਿਆ। ਹਰ ਥਾਂ ਬ੍ਰਾਹਮਣਾਂ ਨੂੰ ਮੂੰਹ ਦੀ ਖਾਣੀ ਪਈ। ਸਦੀਆਂ ਪਹਿਲਾਂ ਜਦੋਂ ਬ੍ਰਾਹਮਣ ਦਾ ਮਾਮੂਲੀ ਸ਼ਬਦ ਵੀ ਇਲਾਹੀ ਹੁਕਮ ਦੀ ਹੈਸੀਅਤ ਰੱਖਦਾ ਹੋਵੇ, ਉਸ ਸਮੇਂ ਉਨ੍ਹਾਂ ਵੱਲੋਂ ਬ੍ਰਾਹਮਣਵਾਦ ਵਿਰੁੱਧ ਬਗਾਵਤ ਦਾ ਝੰਡਾ ਚੁਕਣਾ ਕੋਈ ਸਧਾਰਨ ਕਾਰਜ ਨਹੀਂ ਸੀ ਸਗੋਂ ਇਕ ਕ੍ਰਾਂਤੀਕਾਰੀ ਕਦਮ ਸੀ।

ਆਪ ਨੇ ਆਪਣੇ ਲੰਮੇ ਸੰਘਰਸ਼ਮਈ ਜੀਵਨ ਦੌਰਾਨ ਕਿੱਧਰੇ ਅਖੌਤੀ ਨੀਚ ਜਾਤ ਵਿਚ ਪੈਦਾ ਹੋਣ ਦਾ ਗਿਲਾ ਸ਼ਿਕਵਾ ਨਹੀਂ ਕੀਤਾ, ਆਪਣੇ ਆਪ ਨੂੰ ਕਦੇ ਘਟੀਆ ਜਾ ਨੀਚ ਨਹੀਂ ਸਮਝਿਆ ਸਗੋਂ ਦ੍ਰਿੜ ਵਿਸ਼ਵਾਸ ਨਾਲ 'ਚਮਾਰ' ਹੋਣ 'ਤੇ ਮਾਣ ਮਹਿਸੂਸ ਕੀਤਾ। ਆਪ ਨੇ ਸੰਘਰਸ਼ ਰਾਂਹੀ ਸਵੈਮਾਨ, ਇਜ਼ਤ ਤੇ ਐਨੀ ਸ਼ੋਹਰਤ ਪ੍ਰਾਪਤ ਕਰ ਲਈ ਕਿ ਮੁਖੀ ਬ੍ਰਾਹਮਣਾਂ ਨੂੰ ਵੀ ਡੰਡੌਤ ਕਰਕੇ ਉਨ੍ਹਾਂ ਦੇ ਚਰਨ ਪਰਸਨ ਲਈ ਮਜ਼ਬੂਰ ਹੋਣਾ ਪਿਆ। ਆਪ ਦੀਆਂ ਠੋਸ ਦਲੀਲਾਂ ਤੇ ਇਨਸਾਨੀਅਤ ਪੱਖੀ ਵਿਚਾਰਧਾਰਾ ਸਾਹਮਣੇ ਨਾ ਸਿਰਫ ਵਿਦਵਾਨ ਤੇ ਪ੍ਰਮੁੱਖ ਬ੍ਰਾਹਮਣਾਂ ਨੂੰ ਹੀ ਝੁਕਣਾ ਪਿਆ ਬਲਕਿ ਸਮੇਂ ਦੇ ਹਾਕਮ ਰਾਜਾ ਰਤਨ ਸਿੰਘ,ਰਾਣਾ ਹੁਮਾ, ਭਾਨਮਤੀ, ਕਰਮਾਂ ਬਾਈ, ਜੋਗਵਤੀ, ਸਾਵਿਤਰੀ ਦੇਵੀ, ਰਾਜਾ ਪਰਮ ਹੰਸ, ਰਾਜਾ ਪੀਪਾ,ਰਾਜਾ ਸਿਕੰਦਰ ਲੋਧੀ ਮਹਾਰਾਣਾ ਸੰਗਰਾਮ, ਰਾਜਾ ਨਾਗਰ ਮੱਲ, ਕਵਿੱਤਰੀ ਸ਼ਾਹਜਾਦੀ ਮੀਰਾਂ, ਚਿਤੌੜ ਦੀ ਰਾਣੀ ਝਾਲਾਂ ਬਾਈ ਤੇ ਹੋਰ ਮੁੱਖੀ ਲੋਕਾਂ ਨੂੰ ਵੀ ਉਹਨਾਂ ਦੇ ਵਡਮੁੱਲੇ ਵਿਚਾਰਾਂ ਦਾ ਸਿੱਕਾ ਮੰਨਣਾ ਪਿਆ। ਸਗੋਂ ਉਹ ਉਹਨਾਂ ਦੀ ਵਿਚਾਰਧਾਰਾ ਦੇ ਮੁਦੱਈ ਤੇ ਪ੍ਰਚਾਰਕ ਹੋਣ ਵਿੱਚ ਮਾਣ ਮਹਿਸੂਸ ਕਰਨ ਲੱਗੇ। ਐਨੀ ਇੱਜ਼ਤ, ਮਾਣ, ਵਡਿਆਈ, ਪਦਵੀ ਤੇ ਸ਼ੋਹਰਤ ਹਾਸਲ ਕਰਨ ਦੇ ਬਾਵਜੂਦ ਵੀ ਆਪ ਨੇ ਕਦੀ ਆਪਣੀ ਜਾਤ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਨਾ ਹੀ ਜਾਤ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਹੋਏ। ਸਗੋਂ ਉਨ੍ਹਾਂ ਨੇ ਡੰਕੇ ਦੀ ਚੋਟ ਤੇ 'ਮੇਰੀ ਜਾਤ ਕੁਟਬਾਂਢਲਾ ਢੋਰ ਢੋਵੰਤਾ, ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚਮਾਰੰ' ਅਤੇ ਕਹਿ ਰਵਿਦਾਸ ਚਮਾਰਾ ਗੌਰਵ ਨਾਲ ਕਿਹਾ। ਆਪ ਨੇ ਬ੍ਰਾਹਮਣਵਾਦ ਦੇ ਆਧਾਰ 'ਤੇ ਜਨਮ ਤੋਂ ਹੀ ਜਾਤ-ਪਾਤ ਤੇ ਊਚ- ਨੀਚ ਨੂੰ ਪ੍ਰਵਾਨ ਨਹੀਂ ਕੀਤਾ। ਆਪ ਦੀ ਮਾਨਵਵਾਦੀ ਸੋਚ ਅਨੁਸਾਰ ਕੋਈ ਮਨੁੱਖ ਭਾਵੇਂ ਅਖੌਤੀ ਸ੍ਰੇਸ਼ਟ ਕੁਲ ਵਿਚ ਪੈਦਾ ਹੋਇਆ ਹੋਵੇ ਤੇ ਸ਼ਾਸਤਰਾਂ ਦੇ ਦਰਸਾਏ ਅਨੁਸਾਰ ਕਰਮ ਧਰਮ ਵੀ ਕਰਦਾ ਹੋਵੇ ਪਰ ਜੇ ਉਹ ਪ੍ਰਭੂ ਦੀ ਪ੍ਰੇਮਾ ਭਗਤੀ ਤੇ ਮਾਨਵ ਪਿਆਰ ਦੀ ਕਥਾ ਦਾ ਹਾਮੀ ਨਹੀਂ ਤਾਂ ਅਜਿਹਾ ਵਿਅਕਤੀ ਸੁਪਚ ਭਾਵ ਸੱਭ ਤੋਂ ਨੀਚ ਲੋਕਾਂ ਦੇ ਬਰਾਬਰ ਹੈ :

*ਖਟ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ।।*
*ਚਰਨਾਰਬਿੰਦ ਨ ਕਥਾ ਭਾਵ ਸੁਪਚ ਤੁਲਿ ਸਮਾਨਿ ।।*

ਆਪ ਨੇ ਸਮਾਜ ਅਤੇ ਮਨੁੱਖਤਾ ਦੇ ਭਲੇ ਲਈ ਜੋ ਆਵਾਜ਼ ਬੁਲੰਦ ਕੀਤੀ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ 16 ਰਾਗਾਂ ਵਿਚਲੇ 40 ਸ਼ਬਦਾਂ ਵਿੱਚ ਸਾਡੇ ਪਾਸ ਸੁਰੱਖਿਅਤ ਹੈ। ਜਿਸ ਵਿੱਚ ਆਪ ਨੇ ਕਰਮਕਾਂਡਾਂ ਨੂੰ ਨੰਗਿਆਂ ਕੀਤਾ, ਬ੍ਰਾਹਮਣ ਦੀ ਉੱਚਤਾ ਨੂੰ ਵੰਗਾਰਿਆ, ਜਾਤ-ਪਾਤ, ਛੂਤ-ਛਾਤ ਦੀ ਨਿਖੇਧੀ ਕੀਤੀ। ਅਵਤਾਰਵਾਦ, ਬੁੱਤਪ੍ਰਸਤੀ, ਮੂਰਤੀ ਪੂਜਾ ਅਤੇ ਦੇਵੀ ਦੇਵਤਿਆਂ ਦੀ ਪੂਜਾ ਦਾ ਖੰਡਨ ਕਰਕੇ ਇਕ ਪ੍ਰਮਾਤਮਾ ਦੀ ਉਪਾਸ਼ਨਾ ਦਾ ਉਪਦੇਸ਼ ਦਿੱਤਾ ਹੈ। ਆਪ ਦੀ ਮਨੋਹਰ, ਅਨੂਪਮ ਤੇ ਕਲਿਆਣਕਾਰੀ ਬਾਣੀ ਸਦੀਆਂ ਤੋਂ ਛੇਕੇ ਤੇ ਤ੍ਰਿਸਕਾਰੇ,ਧਾਰਮਕ ਨੁਕਤਾ-ਨਜ਼ਰ ਤੋਂ ਅਛੂਤ ਤੇ ਅਪਵਿੱਤਰ ਗਰਦਾਨੇ, ਸਮਾਜਿਕ ਦ੍ਰਿਸ਼ਟੀ ਤੋਂ ਅਣਗੌਲੇ ਤੇ ਅਪ੍ਰਵਾਨੇ, ਆਰਥਕ ਦ੍ਰਿਸ਼ਟੀਕੋਣ ਤੋਂ ਲੁੱਟ ਖਸੁੱਟ ਦਾ ਸ਼ਿਕਾਰ, ਸਾਧਨਹੀਣ ਤੇ ਲਾਚਾਰ ਅਤੇ ਰਾਜਸੀ ਨਜ਼ਰੀਏ ਤੋਂ ਲਤਾੜੇ ਤੇ ਦੁਰਕਾਰੇ ਹੋਏ ਕਰੋੜਾਂ ਲੋਕਾਂ ਨੂੰ ਸਵੈਮਾਨ, ਅਣਖ ਤੇ ਇੱਜ਼ਤ ਨਾਲ ਸਿਰ ਚੁੱਕ ਕੇ ਤੁਰਨ ਲਈ ਉਤਸ਼ਾਹ ਤੇ ਉੱਦਮ ਪੈਦਾ ਕਰਦੀ ਹੈ। ਮਨੁੱਖੀ ਜੀਵਨ ਦੇ ਮੂਲ ਮਨੋਰਥ ਆਤਮਿਕ ਸ਼ਾਂਤੀ,ਆਜ਼ਾਦੀ, ਭਾਈਚਾਰਾ, ਸਮਤਾ, ਸਮਾਨਤਾ ਤੇ ਸਵੈਮਾਣ ਦੀ ਪ੍ਰਾਪਤੀ ਲਈ ਉਮਾਹ ਪੈਦਾ ਕਰਦੀ ਹੈ।

ਆਪ ਨੇ ਗੁਲਾਮ ਹੋ ਚੁੱਕੇ ਸ਼ੂਦਰ ਸਮਾਜ ਦੇ ਪਿਛੋਕੜ ਬਾਰੇ ਸੰਕੇਤਕ ਭਾਸ਼ਾ ਰਾਹੀਂ "ਅਛਤ ਰਾਜ ਬਿਸਤਰ ਦੁਖ ਪਾਇਆ" ਕਹਿ ਕੇ ਸੁਚੇਤ ਤੇ ਜਾਗਰਤ ਕੀਤਾ ਹੈ ਤੇ ਸਾਰੇ ਦੁੱਖਾਂ ਦਾ ਕਾਰਨ ਰਾਜਸੀ ਸ਼ਕਤੀ ਦੀ ਅਣਹੋਂਦ ਦੱਸਿਆ ਹੈ। ਆਪ ਨੇ ਸਦੀਆਂ ਤੋਂ ਗੁਲਾਮ ਭਾਰਤੀਆਂ ਦੇ ਮਨਾਂ ਵਿੱਚ ਅਜਿਹੇ ਰਾਜ ਦੀ ਚਾਹਤ ਪੈਦਾ ਕੀਤੀ ਜਿੱਥੇ ਸੱਭ ਸ਼ਹਿਰੀਆਂ (ਨਾਗਰਿਕਾਂ)ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਬਰਾਬਰੀ ਹੋਵੇ। ਆਪ ਨੇ ਅਜਿਹੇ ਰਾਜ ਦਾ ਸੁਪਨਾ ਉਲੀਕਿਆ ਜਿੱਥੇ ਬੁਨਿਆਦੀ ਹੱਕ ਬਤੌਰ ਮਨੁੱਖ ਸੱਭ ਦੇ ਬਰਾਬਰ ਹੋਣ। ਜਿੱਥੇ ਹਰ ਮਨੁੱਖ ਗੁਲਾਮੀ ਦੀ ਜਕੜ ਵਿੱਚੋਂ ਨਿਕਲ ਕੇ ਆਜ਼ਾਦੀ ਦਾ ਆਨੰਦ ਮਾਣਦੇ ਹੋਏ ਸ਼ਾਂਤੀ ਨਾਲ ਜ਼ਿੰਦਗੀ ਗੁਜ਼ਰ ਕਰ ਸਕਣ। ਅਜਿਹੇ ਸੁਤੰਤਰ ਤੇ ਆਦਰਸ਼ਕ ਲੋਕ ਰਾਜ ਦੇ ਮੁਦੱਈ ਸਨ ਜਿਸ ਵਿੱਚ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਹੱਕ ਹਾਸਲ ਹੋਣ। ਕੋਈ ਦੂਜੇ ਤੇ ਤੀਜੇ ਦਰਜੇ ਦਾ ਨਾਗਰਿਕ ਨਾ ਹੋਵੇ। ਜਿੱਥੇ ਕਿਸੇ ਵੀ ਵਿਅਕਤੀ ਨੂੰ ਕੋਈ ਗ਼ਮ ਤੇ ਡਰ ਨਾ ਹੋਵੇ, ਨਾ ਕਿਸੇ ਤੇ ਚਿੰਤਾ ਤੇ ਫਿਕਰ, ਨਾ ਤੌਖਲਾ, ਨਾ ਕਿਸੇ ਨੂੰ ਬੰਦਸ਼ਾਂ ਤੇ ਪਾਬੰਦੀਆਂ ਨੇ ਘੇਰਿਆ ਹੋਵੇ। ਅਜਿਹੇ ਦੇਸ਼ ਦੇ ਬਾਸ਼ਿੰਦੇ ਖੁਸ਼ਹਾਲ ਧਨੀ ਤੇ ਰੱਜੇ ਪੁੱਜੇ ਹੋਏ ਹੋਣ ਅਤੇ ਹਰ ਇਕ ਨੂੰ ਮਨਮਰਜ਼ੀ ਨਾਲ ਬਿਨਾਂ ਰੋਕ ਟੋਕ ਘੁੰਮਣ ਫਿਰਨ ਦੀ ਪੂਰੀ ਆਜ਼ਾਦੀ ਹੋਵੇ। ਜਿੱਥੇ ਹਰ ਮਨੁੱਖ ਦੀ ਪਹੁੰਚ ਰਾਜ ਮਹਿਲਾਂ ਤੱਕ ਬੇਰੋਕ ਹੋਵੇ। ਆਪ ਨੇ ਉਚ ਨੀਚ ਦੇ ਨਿਜ਼ਾਮ ਨੂੰ ਰੱਦ ਕਰਦਿਆਂ ਸਰਬ ਸਾਂਝੀਵਾਲਤਾ ਦੇ ਪ੍ਰਤੀਕ, ਇਨਸਾਨੀਅਤ ਦੇ ਹਿਤੈਸ਼ੀ, ਸਰਬੱਤ ਦੇ ਭਲੇ ਵਾਲੇ ਅਤੇ ਸਮਾਜਵਾਦੀ ਰਾਜ ਦਾ ਖ਼ਾਕਾ ਉਲੀਕਿਆ ਹੈ ਜੋ ਉਨ੍ਹਾਂ ਦੀ ਸੂਝ ਬੂਝ ਦਾ ਕਮਾਲ ਮੰਨਿਆ ਜਾਂਦਾ ਹੈ। ਆਪ ਨੇ ਅਜਿਹਾ ਆਦਰਸ਼ਕ ਤੇ ਆਜ਼ਾਦ ਲੋਕ ਰਾਜ ਸਿਰਜਣ ਦੀ ਕਾਮਨਾ ਕਰਕੇ ਸ਼ੂਦਰ (ਗੁਲਾਮ) ਸਮਾਜ ਦੀਆਂ ਅੱਖਾਂ ਵਿੱਚ ਨਵੀਆਂ ਹੋਣੀਆਂ ਲਿਸ਼ਕਾ ਦਿੱਤੀਆਂ---

*ਬੇਗਮ ਪੁਰਾ ਸਹਰ ਕੋ ਨਾਉ ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥*
*ਖਉਫੁ ਨ ਖਤਾ ਨ ਤਰਸੁ ਜਵਾਲੁ ॥1॥*
*ਅਬ ਮੋਹਿ ਖੂਬ ਵਤਨ ਗਹ ਪਾਈ ॥*
*ਊਹਾਂ ਖੈਰਿ ਸਦਾ ਮੇਰੇ ਭਾਈ ॥1॥ ਰਹਾਉ ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ ॥*
*ਦੋਮ ਨ ਸੇਮ ਏਕ ਸੋ ਆਹੀ ॥*
*ਆਬਾਦਾਨੁ ਸਦਾ ਮਸਹੂਰ ॥*
*ਊਹਾਂ ਗਨੀ ਬਸਹਿ ਮਾਮੂਰ ॥2॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥*
*ਕਹਿ ਰਵਿਦਾਸ ਖਲਾਸ ਚਮਾਰਾ ॥*
*ਜੋ ਹਮ ਸਹਰੀ ਸੁ ਮੀਤੁ ਹਮਾਰਾ ॥3॥2॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ ੩੪੫)

ਆਪ ਨੇ ਇਤਿਹਾਸ ਵਿਚ ਪਹਿਲੀ ਵਾਰ 'ਵਿਸ਼ਵ ਕੁਟੰਬ' ਦਾ ਮਾਨਵਵਾਦੀ ਸੰਕਲਪ ਮਨੁੱਖਤਾ ਸਾਹਮਣੇ ਪੇਸ਼ ਕੀਤਾ। ਸਮਾਜ ਦੇ ਕਲਿਆਣ ਲਈ ਗੁਰੂ ਜੀ ਨੇ ਸਾਰੇ ਦੇਸ਼ ਦਾ ਭਰਮਣ ਕੀਤਾ ਉੱਤਰ ਪ੍ਰਦੇਸ਼, ਮੱਧਪ੍ਰਦੇਸ਼, ਰਾਜਸਥਾਨ, ਮਹਾਂਰਾਸ਼ਟਰ, ਪੰਜਾਬ ਵਿੱਚ ਥਾਂ ਥਾਂ ਘੁੰਮਕੇ ਗਿਆਨ ਗੋਸ਼ਟੀਆਂ ਕੀਤੀਆਂ। ਗੁਰੂ ਜੀ ਨੇ ਪੁਸ਼ਕਰ, ਪ੍ਰਯਾਗ, ਮੁਲਤਾਨ, ਮਥਰਾ, ਪੁਰੀ, ਪਨਘਾਟ ਆਦਿ ਤੀਰਥਾਂ ਦੀ ਯਾਤਰਾ ਕੀਤੀ ਤੇ ਸ਼੍ਰੋਮਣੀ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕਰਕੇ ਸੱਚ ਦਾ ਮਾਰਗ ਦਰਸਾਇਆ। ਆਪ ਨੇ ਅਯੁੱਧਿਆ, ਭਰਤਪੁਰ, ਮਥਰਾ, ਦਿੱਲੀ ਗੁੜਗਾਓਂ, ਬਿੰਦਰਾਬਨ, ਤ੍ਰਿਬੇਣੀ ਸੰਗਮ, ਗੋਦਾਵਰੀ, ਕੋਠਾ ਸਾਹਿਬ (ਜ਼ਿਲ੍ਹਾ ਅੰਮ੍ਰਿਤਸਰ), ਖੁਰਾਲਗੜ੍ਹ (ਜ਼ਿਲ੍ਹਾ ਹੁਸ਼ਿਆਰਪੁਰ) ਲੁਧਿਆਣਾ, ਫਗਵਾੜਾ ਆਦਿ ਸਥਾਨਾਂ ਤੇ ਜਾਕੇ ਸਮਾਜ ਦੇ ਕਲਿਆਣ ਹਿੱਤ ਗੁਰਮਤਿ ਦਾ ਉਪਦੇਸ਼ ਦਿੱਤਾ। ਭਾਈ ਬਾਲਾ ਜੀ ਦੀ ਸਾਖੀ ਅਨੁਸਾਰ ਆਪ ਦੇ ਹਿਮਾਲਾ ਦੀ ਚੋਟੀ ਸਿਰਧਾਰ ਤੱਕ ਪਹੁੰਚਣ ਦੀ ਪੁਸ਼ਟੀ ਹੋ ਚੁੱਕੀ ਹੈ। 1482 ਈਸਵੀ ਵਿੱਚ ਚੂਹੜਕਾਣੇ ਵਿਚ ਸੱਚੇ ਸੌਦੇ ਵਾਲੀ ਸਾਖੀ ਵੀ ਗੁਰੂ ਰਵਿਦਾਸ ਤੇ ਉਨ੍ਹਾਂ ਦੇ ਸਹਿਯੋਗੀ ਸੰਤ ਮਹਾਂਪੁਰਸ਼ ਬਾਬਾ ਕਬੀਰ ਜੀ, ਸੰਤ ਰੇਣ ਜੀ, ਭਗਤ ਧੰਨਾ ਜੀ ਨਾਲ ਸਬੰਧਤ ਹੈ। ਉਹ ਕੋਈ ਭੁੱਖੇ ਤੇ ਨਿਖੱਟੂ ਸਾਧੂ ਨਹੀਂ ਸਨ। ਸਗੋਂ ਵਿਦਵਾਨ ਤੇ ਸਮਾਜ ਦੇ ਹਿਤੈਸ਼ੀ ਮਾਨਵਵਾਦੀ ਰਹਿਬਰ ਸਨ।

ਏਸੇ ਤਰ੍ਹਾਂ 1496 ਵਿਚ ਗੁਰੂ ਨਾਨਕ ਜੀ ਦੇ ਵੇਈਂ ਪ੍ਰਵੇਸ਼ ਉਪਰੰਤ 'ਗੁਰਦੁਆਰਾ ਸੰਤਘਾਟ' ਸੁਲਤਾਨ ਪੁਰ ਲੋਧੀ ਵਰਗੇ ਮੁਕੱਦਸ ਸਥਾਨ ਤੇ ਗੁਰੂ ਬਾਬਾ ਨਾਨਕ ਜੀ ਤਿੰਨ ਦਿਨ ਇੱਥੇ ਬਜ਼ੁਰਗ ਇਨਕਲਾਬੀ ਮਹਾਂ ਪੁਰਖਾਂ ਸੰਤ ਗੁਰੂ ਕਬੀਰ ਸਾਹਿਬ, ਗੁਰੂ ਰਵਿਦਾਸ ਜੀ , ਸੰਤ ਬਾਬਾ ਧੰਨਾ ਜੀ , ਭਗਤ ਸੈਣ ਜੀ ਨਾਲ ਗਿਆਨ ਗੋਸ਼ਟੀ ਕੀਤੀ ਤੇ ਦੀਰਘ ਵਿਚਾਰ ਚਰਚਾਵਾਂ ਉਪਰੰਤ ਵਰਣ ਵੰਡ, ਜਾਤ ਪਾਤੀ ਵਿਤਕਰੇ, ਊਚ ਨੀਚ, ਛੂਤਛਾਤ , ਮਜ਼ਹਬਾਂ, ਨਸਲਾਂ, ਲਿੰਗ ਤੇ ਰੰਗ ਭੇਦ ਵਿਰੋਧੀ ਅਮਾਨਵੀ ਵਿਚਾਰਧਾਰਾ ਨੂੰ ਰੱਦ ਕਰਕੇ 'ਅੱਵਲ ਅਲਾ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ' ਵਾਲੀ ਮਾਨਵੀ ਸੋਚ ਦੇ ਪਸਾਰ ਪਰਚਾਰ ਲਈ ਬਾਬਾ ਗੁਰੂ ਨਾਨਕ ਜੀ ਨੇ ਮੋਦੀ ਖਾਨੇ ਦੀ ਨੌਕਰੀ, ਘਰ ਬਾਰ ਤੇ ਟੱਬਰ ਟੀਹਰ ਛੱਡਕੇ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਕਰਨ ਦਾ ਕਠਿਨ ਫੈਸਲਾ ਲਿਆ ਤੇ ਭਾਈ ਮਰਦਾਨਾ ਜੀ ਨੂੰ ਨਾਲ ਲੈਕੇ ਜਗਤ ਜਲੰਦੇ ਵਿਚ ਠੰਢ ਵਰਤਾਉਣ,ਬੇਗਮਪੁਰੇ ਦੀ ਕਾਇਮੀ ਅਤੇ ਸਮਤਾ, ਸਮਾਨਤਾ ਭਾਈਚਾਰੇ ਵਾਲਾ ਸਰਬ ਸਾਂਝਾ ਸਮਾਜ ਸਿਰਜਣ ਲਈ ਚਲ ਪਏ ਸਨ ਏਸੇ ਸੰਤ ਮੰਡਲੀ ਨਾਲ ਦੀਰਘ ਵਿਚਾਰ ਚਰਚਾਵਾਂ ਤੇ ਗਿਆਨ ਗੋਸ਼ਟੀਆਂ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ।

ਇਹ ਵੀ ਇਤਿਹਾਸਕ ਸੱਚ ਹੈ ਕਿ ਗੁਰੂ ਨਾਨਕ ਜੀ ਪਹਿਲੀ ਉਦਾਸੀ ਵੇਲੇ 15 ਦਿਨ ਗੁਰੂ ਕੇ ਬਾਗ ਬਨਾਰਸ ਵਿਖੇ ਸੰਤ ਗੁਰੂ ਕਬੀਰ ਸਾਹਿਬ ਤੇ ਗੁਰੂ ਰਵਿਦਾਸ ਨਾਲ ਗਿਆਨ ਗੋਸ਼ਟੀਆਂ ਕਰਦੇ ਰਹੇ ਤੇ ਉਹਨਾਂ ਦੀ ਰਚੀ ਬਾਣੀ ਲੈਕੇ ਬੰਗਾਲ ਵੱਲ ਗਏ। ਗੁਰੂ ਰਵਿਦਾਸ ਜੀ ਦੇ ਚਿਤੌੜਗੜ੍ਹ ਵਿਚ ਜਾਕੇ ਬ੍ਰਹਮਭੋਜ ਵਿਚ ਸ਼ਾਮਲ ਹੋਣ ਦੀ ਪੁਸ਼ਟੀ ਵੀ ਹੋ ਚੁੱਕੀ ਹੈ। ਜਿੱਥੇ ਆਪ ਆਪਣੀ ਪਰਮ ਸ਼ਿਸ਼ ਰਾਣਾ ਸਾਂਗਾ ਦੀ ਪਤਨੀ ਝਾਲਾਂਬਾਈ ਦੇ ਵਿਸ਼ੇਸ਼ ਸੱਦੇ 'ਤੇ ਪਧਾਰੇ ਸਨ। ਰਾਓ ਦੂਦਾ ਜੀ ਦੀ ਪੋਤਰੀ ਮੀਰਾ ਬਾਈ ਦੇ ਰਾਜ ਕੁਮਾਰ ਭੋਜਰਾਜ ਨਾਲ ਹੋਏ ਵਿਆਹ ਦੇ ਮਹਾਂਉਤਸਵ ਤੇ ਗੁਰੂ ਜੀ ਨੇ ਸਿਸੋਦੀਆ ਬੰਸ ਦੇ ਕੁਲ ਗੁਰੂ ਵਜੋਂ ਸੁਭਾਗੀ ਜੋੜੀ ਨੂੰ ਅਸ਼ੀਰਵਾਦ ਵੀ ਦਿੱਤਾ ਸੀ।

ਗੁਰੂ ਰਵਿਦਾਸ ਜੀ ਦਾ ਸੱਚਖੰਡ ਵਾਸ 1540 ਈਸਵੀ ਨੂੰ ਚਿਤੌੜ ਗੜ੍ਹ ਵਿੱਚ ਹੋਇਆ।

ਸੋ ਆਓ ! ਸੰਤ ਸਤਿਗੁਰੂ ਦੇ ਸੁਪਨੇ ਤੇ ਭਵਿੱਖ ਵਾਚੀ ਬੋਲਾਂ ਨੂੰ ਸਾਕਾਰ ਕਰਨ ਲਈ ਵਰਣ ਵੰਡ, ਜਾਤ- ਪਾਤ ਤੇ ਊਚ-ਨੀਚ ਤੋਂ ਉੱਪਰ ਉੱਠ ਕੇ ਅਜਿਹੇ ਨਵੇਂ ਸਮਾਜ ਦੀ ਸਿਰਜਣਾ ਕਰਨ ਹਿੱਤ ਸੰਘਰਸ਼ ਕਰੀਏ ਜਿੱਥੇ ਸੱਭ ਨਾਗਰਿਕ ਆਜ਼ਾਦੀ ਦਾ ਆਨੰਦ ਮਾਣਦੇ ਹੋਏ ਸਮਤਾ, ਸਮਾਨਤਾ ਤੇ ਭਾਈਚਾਰੇ ਵਾਲਾ ਜੀਵਨ ਜਿਉਂ ਸਕਣ।

***

# ਚੰਡੀਗੜ੍ਹ ਦਾ ਮੁੱਦਾ ਉਲਝਾਉਣ ਦੀ ਬਜਾਏ ਸੁਲਝਾਓ




ਪਿਛਲੇ ਸਾਲ ਚੰਡੀਗੜ੍ਹ ਅਤੇ ਪੰਜਾਬ ਦੇ ਸਬੰਧ ਵਿੱਚ ਕੁਝ, ਸਮਝੋਂ ਬਾਹਰ ਹੈਰਾਨੀਜਨਕ ਘਟਨਾਵਾਂ ਵਾਪਰੀਆਂ: ਪੰਜਾਬ ਪੁਨਰਗਠਨ ਐਕਟ, 1966 ਦੇ ਅਨੁਸਾਰ, ਪੰਜਾਬ ਅਤੇ ਹਰਿਆਣਾ ਦੋਵਾਂ ਸੂਬਿਆਂ ਦੇ ਕਰਮਚਾਰੀ ਜੋ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਡੈਪੂਟੇਸ਼ਨ ਉਪਰ ਕੰਮ ਕਰਦੇ ਸਨ, ਉਨ੍ਹਾਂ ਉੱਪਰ ਪੰਜਾਬ ਸਿਵਲ ਸਰਵਿਸਿਜ਼ ਨਿਯਮ ਲਾਗੂ ਹੁੰਦੇ ਸਨ ਪਰ ਇਸ ਨੂੰ ਨਜ਼ਰਅੰਦਾਜ਼ ਕਰਦਿਆਂ 1 ਅਪ੍ਰੈਲ 2022 ਤੋਂ ਇਨ੍ਹਾਂ ਨਿਯਮਾਂ ਦੀ ਥਾਂ ਕੇਂਦਰੀ ਸੇਵਾ ਨਿਯਮ ਲਾਗੂ ਕਰ ਦਿੱਤੇ ਗਏ।

ਪਿਛਲੇ ਸਾਲ ਚੰਡੀਗੜ੍ਹ ਅਤੇ ਪੰਜਾਬ ਦੇ ਸਬੰਧ ਵਿੱਚ ਕੁਝ, ਸਮਝੋਂ ਬਾਹਰ ਹੈਰਾਨੀਜਨਕ ਘਟਨਾਵਾਂ ਵਾਪਰੀਆਂ: ਪੰਜਾਬ ਪੁਨਰਗਠਨ ਐਕਟ, 1966 ਦੇ ਅਨੁਸਾਰ, ਪੰਜਾਬ ਅਤੇ ਹਰਿਆਣਾ ਦੋਵਾਂ ਸੂਬਿਆਂ ਦੇ ਕਰਮਚਾਰੀ ਜੋ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਡੈਪੂਟੇਸ਼ਨ ਉਪਰ ਕੰਮ ਕਰਦੇ ਸਨ, ਉਨ੍ਹਾਂ ਉੱਪਰ ਪੰਜਾਬ ਸਿਵਲ ਸਰਵਿਸਿਜ਼ ਨਿਯਮ ਲਾਗੂ ਹੁੰਦੇ ਸਨ ਪਰ ਇਸ ਨੂੰ ਨਜ਼ਰਅੰਦਾਜ਼ ਕਰਦਿਆਂ 1 ਅਪ੍ਰੈਲ 2022 ਤੋਂ ਇਨ੍ਹਾਂ ਨਿਯਮਾਂ ਦੀ ਥਾਂ ਕੇਂਦਰੀ ਸੇਵਾ ਨਿਯਮ ਲਾਗੂ ਕਰ ਦਿੱਤੇ ਗਏ।

ਉੱਤਰੀ ਜ਼ੋਨਲ ਕੌਂਸਲ ਦੀ 9 ਜੁਲਾਈ, 2022 ਦੀ ਮੀਟਿੰਗ ਵਿੱਚ, ਹਰਿਆਣਾ ਨੂੰ ਉਸ ਦੀ ਨਵੀਂ ਅਸੈਂਬਲੀ ਦੀ ਇਮਾਰਤ ਲਈ, ਚੰਡੀਗੜ੍ਹ ਵਿੱਚ ਜ਼ਮੀਨ ਅਲਾਟ ਕਰਨ ਦੀ ਸਿਧਾਂਤਕ ਪ੍ਰਵਾਨਗੀ ਦਾ ਐਲਾਨ ਕੀਤਾ ਗਿਆ। ਉਸ ਤੋਂ ਬਾਦ ਹੋਰ ਪਰੇਸ਼ਾਨੀਆਂ ਦਾ ਸਿਲਸਿਲਾ ਚੱਲ ਪਿਆ। ਹਰਿਆਣਾ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਚੰਡੀਗੜ੍ਹ ਵਿੱਚ ਜ਼ਮੀਨ ਦੇ ਬਦਲੇ ਪੰਚਕੂਲਾ (ਸਾਕੇਤੜੀ ਪਿੰਡ) ਦੀ ਜ਼ਮੀਨ ਦੀ ਪੇਸ਼ਕਸ਼ ਕੀਤੀ (13 ਜੁਲਾਈ, 2023), ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਉਸ ਜ਼ਮੀਨ ਦੇ ਬਜਾਏ ਬਦਲਵੀਂ ਜ਼ਮੀਨ ਜਾਂ 620 ਕਰੋੜ ਰੁਪਏ ਦੇਣ ਲਈ ਕਿਹਾ (21 ਸਤੰਬਰ, 2023। ਇਹ ਫੈਸਲੇ ਸਪੱਸ਼ਟ ਤੌਰ 'ਤੇ ਚੰਡੀਗੜ੍ਹ ਉਪਰ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕਰਦੇ ਹਨ।

ਚੰਡੀਗੜ੍ਹ ਵਿੱਚ ਹਰਿਆਣਾ ਦੀ ਅਸੈਂਬਲੀ ਲਈ ਜ਼ਮੀਨ ਅਲਾਟ ਕਰਨ ਦੇ ਪਿੱਛੇ ਦਾ ਇਰਾਦਾ ਤਾਂ ਬਿਲਕੁਲ ਹੀ ਸਮਝ ਤੋਂ ਬਾਹਰ ਹੈ ਕਿਉਂਕਿ ਚੰਡੀਗੜ੍ਹ ਉੱਤੇ ਪੰਜਾਬ ਦਾ ਦਾਅਵਾ ਤਾਂ ਹਰੇਕ ਅਵਾਰਡ ਅਤੇ ਸਮਝੌਤੇ ਨਾਲ ਬਰਕਰਾਰ ਰੱਖਿਆ ਗਿਆ ਹੈ। ਫਿਰ ਚੰਡੀਗੜ੍ਹ ਵਿੱਚ ਹਰਿਆਣੇ ਦੀ ਨਵੀ ਅਸੈਂਬਲੀ ਕਿਉਂ? ਚੰਡੀਗੜ੍ਹ ਤਾਂ ਆਖ਼ਰਕਾਰ ਪੰਜਾਬ ਨੂੰ ਦਿੱਤਾ ਹੀ ਜਾਣਾ ਹੈ। ਮੌਜੂਦਾ ਪੰਜਾਬ ਰਾਜ ਦੀ ਸਿਰਜਣਾ ਦੇ ਇਤਿਹਾਸ ਕਾਰਨ ਕੁਝ ਖਦਸ਼ੇ ਉਭਰ ਕੇ ਸਾਹਮਣੇ ਆਉਂਦੇ ਹਨ। ਪੰਜਾਬ ਨੂੰ ਛੱਡ ਕੇ, ਬਾਕੀ ਰਾਜਾਂ ਦਾ, 1 ਨਵੰਬਰ 1956 ਤੋਂ ਭਾਸ਼ਾਈ ਆਧਾਰ 'ਤੇ ਪੁਨਰਗਠਨ ਕੀਤਾ ਗਿਆ ਸੀ। ਸਿੱਟੇ ਵਜੋਂ, ਪੰਜਾਬੀ ਬੋਲਦੇ ਸੂਬੇ ਲਈ ਲੰਮਾ ਸਮਾਂ ਅੰਦੋਲਨ ਚੱਲਿਆ ਸੀ।

**ਪੰਜਾਬ ਸੀਮਾ ਕਮਿਸ਼ਨ**


ਆਖ਼ਰਕਾਰ 23 ਅਪ੍ਰੈਲ 1966, ਨੂੰ ਭਾਰਤ ਸਰਕਾਰ ਨੇ ਪੰਜਾਬ ਸੀਮਾ ਕਮਿਸ਼ਨ ਨਿਯੁਕਤ ਕੀਤਾ ਜਿਸ ਦੇ ਚੇਅਰਮੈਨ ਮਾਨਯੋਗ ਜਸਟਿਸ ਜੇਸੀ. ਸ਼ਾਹ ਅਤੇ ਐਸ. ਦੱਤ ਤੇ ਐਮਐਮ. ਫਿਲਿਪ ਮੈਂਬਰ ਸਨ। ਇਸ ਕਮਿਸ਼ਨ ਨੇ, ਇੱਕ ਬਿਨ੍ਹਾਂ-ਸਰਬ-ਸੰਮਤੀ ਫ਼ੈਸਲੇ ਨਾਲ ਤਹਿਸੀਲ ਖਰੜ (ਚੰਡੀਗੜ੍ਹ ਕੈਪੀਟਲ ਪ੍ਰੋਜੈਕਟ ਸਮੇਤ) ਨੂੰ ਹਿੰਦੀ ਬੋਲਣ ਵਾਲੇ ਰਾਜ ਵਿੱਚ ਸ਼ਾਮਲ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਸ੍ਰੀ ਦੱਤ ਨੇ ਆਪਣੇ ਅਸਹਿਮਤੀ ਨੋਟ ਵਿੱਚ ਲਿਖਿਆ ਕਿ 'ਮੈਨੂੰ ਅਫਸੋਸ ਹੈ ਕਿ ਮੈਂ ਉਨ੍ਹਾਂ ਸਿਫ਼ਾਰਸ਼ਾਂ ਨਾਲ ਸਹਿਮਤ ਨਹੀਂ ਹਾਂ ਜੋ ਮੇਰੇ ਸਾਥੀਆਂ ਵੱਲੋਂ ਚੰਡੀਗੜ੍ਹ ਸਮੇਤ ਖਰੜ ਤਹਿਸੀਲ ਬਾਰੇ ਕਰਨ ਦੀ ਤਜਵੀਜ਼ ਕੀਤੀ ਗਈ ਹੈ। ਮੇਰੇ ਖ਼ਿਆਲ ਵਿੱਚ, ਕਾਲਕਾ ਥਾਣੇ ਨੂੰ ਛੱਡ ਕੇ ਬਾਕੀ ਸਾਰੀ ਖਰੜ ਤਹਿਸੀਲ ਨੂੰ ਪ੍ਰਸਤਾਵਿਤ ਪੰਜਾਬੀ ਰਾਜ ਵਿੱਚ ਮਿਲਾ ਦਿੱਤਾ ਜਾਣਾ ਚਾਹੀਦਾ ਹੈ। ਕਾਲਕਾ ਥਾਣਾ ਖੇਤਰ ਨੂੰ ਹਿਮਾਚਲ ਪ੍ਰਦੇਸ਼ ਵਿੱਚ ਮਿਲਾ ਦਿੱਤਾ ਜਾਵੇ।' ਇਨ੍ਹਾਂ ਸਿਫ਼ਾਰਸ਼ਾਂ ਨੂੰ ਵਿਵਾਦਪੂਰਨ ਮੰਨਿਆ ਗਿਆ ਕਿਉਂਕਿ

1) ਖਰੜ ਤਹਿਸੀਲ ਦੇ ਪੇਂਡੂ ਇਲਾਕੇ ਦੀ ਪ੍ਰਮੁੱਖ ਭਾਸ਼ਾ ਪੰਜਾਬੀ ਸੀ।

2) ਖਰੜ ਤਹਿਸੀਲ ਦੇ ਪੰਜਾਬੀ ਬੋਲਦੇ ਪਿੰਡਾਂ ਦੀ ਥਾਂ ਉੱਤੇ ਹੀ ਚੰਡੀਗੜ੍ਹ ਬਣਾਇਆ ਗਿਆ ਸੀ।

3) ਸਥਾਪਤ ਪਰੰਪਰਾਵਾਂ ਅਨੁਸਾਰ, ਪੰਜਾਬ ਜੋ ਕਿ ਮੂਲ ਰਾਜ ਹੈ, ਦਾ ਰਾਜਧਾਨੀ ਉੱਤੇ ਜਾਇਜ਼ ਹੱਕ ਸੀ ਅਤੇ ਹੈ।

ਭਾਰਤ ਸਰਕਾਰ ਨੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਸੀ।




## *ਕੇਂਦਰ ਸਰਕਾਰ ਦੀ ਜ਼ਿੰਮੇਵਾਰੀ*

*ਇਸ ਸੰਵੇਦਨਸ਼ੀਲ ਮੁੱਦੇ ਨੂੰ ਹੱਲ ਕਰਨਾ ਕੇਂਦਰ 'ਤੇ ਨਿਰਭਰ ਕਰਦਾ ਹੈ। ਦੂਜੇ ਰਾਜਾਂ ਦੀਆਂ ਰਾਜਧਾਨੀਆਂ, ਨਵੇਂ ਸੂਬਿਆਂ ਦੀ ਬਣਤਰ ਵੇਲੇ, ਮੂਲ ਰਾਜ ਦੇ ਕੋਲ ਹੀ ਰਹੀਆਂ ਅਤੇ ਕਿਸੇ ਨੇ ਵੀ ਕੋਈ ਖੇਤਰੀ ਮੁਆਵਜ਼ਾ ਨਹੀਂ ਦਿੱਤਾ। ਇਸ ਤਰ੍ਹਾਂ, ਚੰਡੀਗੜ੍ਹ ਨੂੰ ਪੰਜਾਬ ਵਿੱਚ ਮਿਲਾਉਣਾ ਚਾਹੀਦਾ ਹੈ ਅਤੇ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾਉਣ ਲਈ ਖੁੱਲ-ਦਿਲੀ ਨਾਲ ਕੇਂਦਰੀ ਗ੍ਰਾਂਟ ਦੇਣੀ ਚਾਹੀਦੀ ਹੈ, ਜਿਵੇਂ ਕਿ ਦੂਜੇ ਰਾਜਾਂ ਲਈ ਕੀਤਾ ਗਿਆ ਹੈ। ਹੋਰ ਕੁਝ ਵੀ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਦੇ ਬਰਾਬਰ ਹੈ। ਸਰਕਾਰ ਨੂੰ ਸੁਚੇਤ ਰਹਿਣ ਦੀ ਲੋੜ ਹੈ।*

**ਪੰਜਾਬ ਪੁਨਰਗਠਨ ਐਕਟ, 1966 ਦੇ ਅਨੁਸਾਰ** : 1) ਹਰਿਆਣਾ ਦਾ ਨਵਾਂ ਰਾਜ ਬਣਨ ਵਾਲੇ ਇਲਾਕਿਆਂ ਵਿੱਚ ਖਰੜ ਤਹਿਸੀਲ ਦੇ ਪਿੰਜੌਰ ਕਾਨੂੰਗੋ ਸਰਕਲ ਅਤੇ ਮਨੀਮਾਜਰਾ ਕਾਨੂੰਗੋ ਸਰਕਲ ਸ਼ਾਮਲ ਹਨ,

2) ਖਰੜ ਤਹਿਸੀਲ ਦੇ ਮਨੀਮਾਜਰਾ ਅਤੇ ਮਨੌਲੀ ਕਾਨੂੰਗੋ ਸਰਕਲਾਂ ਨੂੰ ਮਿਲਾ ਕੇ ਚੰਡੀਗੜ੍ਹ ਦਾ ਨਵਾਂ ਕੇਂਦਰ ਸ਼ਾਸਤ ਪ੍ਰਦੇਸ਼ ਬਣੇਗਾ। ਬਾਕੀ ਖਰੜ ਤਹਿਸੀਲ ਪੰਜਾਬ ਵਿੱਚ ਹੀ ਰਹੀ। ਇਹ ਐਕਟ 1 ਨਵੰਬਰ, 1966 ਨੂੰ ਲਾਗੂ ਹੋਇਆ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਨੂੰ ਵੱਡੇ ਪੰਜਾਬ ਤੋਂ ਵੱਖ ਕਰ ਦਿੱਤਾ ਗਿਆ। ਉਦੋਂ ਤੋਂ ਚੰਡੀਗੜ੍ਹ ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਹੈ।

**ਬੇਚੈਨੀ ਵਾਲੇ ਦੌਰ 'ਚੋਂ ਲੰਘਿਆ ਪੰਜਾਬ:** ਪੰਜਾਬ 1970 ਦੇ ਦਹਾਕੇ ਦੇ ਅਖ਼ੀਰ ਤੋਂ 1990 ਦੇ ਦਹਾਕੇ ਦੇ ਸ਼ੁਰੂ ਤੱਕ, ਚੰਡੀਗੜ੍ਹ ਉੱਤੇ ਆਪਣੇ ਦਾਅਵੇ ਸਮੇਤ ਅਤੇ ਕਈ ਹੋਰ ਕਾਰਨਾਂ ਨਾਲ ਜੁੜੇ ਅੰਦੋਲਨਾਂ ਕਰਕੇ ਬੜੇ ਬੇਚੈਨੀ ਵਾਲੇ ਦੁਖੀ ਦੌਰ ਵਿੱਚੋਂ ਲੰਘਿਆ। ਸਰਕਾਰ ਨੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਕਈ ਫੈਸਲੇ ਲਏ। ਅਜਿਹਾ ਹੀ ਇੱਕ ਫੈਸਲਾ ਸੀ ਪੰਜਾਬ ਦੇ ਰਾਜਪਾਲ ਨੇ ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਅਹੁਦਾ ਸੰਭਾਲਣਾ। ਭਾਵੇਂ ਚੰਡੀਗੜ੍ਹ ਦੋਵਾਂ ਰਾਜਾਂ ਦੀ ਰਾਜਧਾਨੀ ਰਿਹਾ। ਇਹ ਚੰਡੀਗੜ੍ਹ ਉਤੇ ਪੰਜਾਬ ਦੇ ਹੱਕ ਦਾ ਸੂਚਕ ਹੈ ਤੇ ਇਹ ਨਿਯਮ 1 ਜੂਨ 1984 ਤੋਂ ਚੱਲ ਰਿਹਾ ਹੈ। ਇੱਕ ਹੋਰ ਫੈਸਲਾ ਰਾਜੀਵ-ਲੌਂਗੋਵਾਲ ਮੈਮੋਰੈਂਡਮ ਆਫ਼ ਸੈਟਲਮੈਂਟ (ਅੱਕੋਰਡ) (24 ਜੁਲਾਈ 1985) ਹੈ। ਇਸ ਸਮਝੌਤੇ ਦੇ ਅਨੁਸਾਰ: 'ਚੰਡੀਗੜ੍ਹ ਦਾ ਰਾਜਧਾਨੀ ਪ੍ਰੋਜੈਕਟ ਖੇਤਰ ਪੰਜਾਬ ਨੂੰ ਜਾਵੇਗਾ। ਇਸ ਲਈ ਇੱਕ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ, ਜੋ ਪੰਜਾਬ ਦੇ ਹਿੰਦੀ ਬੋਲਣ ਵਾਲੇ ਉਨ੍ਹਾਂ ਖੇਤਰਾਂ ਦੀ ਪਹਿਚਾਨ ਕਰੇਗਾ ਜੋ ਚੰਡੀਗੜ੍ਹ ਦੇ ਬਦਲੇ ਹਰਿਆਣਾ ਵਿੱਚ ਜਾਣੇ ਹਨ। ਚੰਡੀਗੜ੍ਹ ਦਾ ਪੰਜਾਬ ਨੂੰ ਤਬਾਦਲਾ ਅਤੇ ਇਸ ਦੇ ਬਦਲੇ ਹਰਿਆਣਾ ਨੂੰ ਦੇਣ ਵਾਲੇ ਖੇਤਰ ਦਾ ਤਬਾਦਲਾ 26 ਜਨਵਰੀ 1986 ਨੂੰ ਇੱਕੋ ਸਮੇਂ ਹੋਵੇਗਾ। ਇਸ ਤੋਂ ਬਾਦ ਕਈ ਕਮਿਸ਼ਨਾਂ ਦਾ ਗਠਨ ਹੋਇਆ: ਮਾਨਯੋਗ ਜਸਟਿਸ ਕੇਕੇ. ਮੈਥਿਊ ਕਮਿਸ਼ਨ (25 ਜਨਵਰੀ, 1986), ਮਾਨਯੋਗ ਜਸਟਿਸ ਈਐੱਸ. ਵੈਂਕਟਾਰਮੀਆ ਕਮਿਸ਼ਨ (2 ਅਪ੍ਰੈਲ, 1986) ਅਤੇ ਮਾਣਯੋਗ ਜਸਟਿਸ ਡੀਐੱਸ. ਦੇਸਾਈ ਕਮਿਸ਼ਨ (20 ਜੂਨ, 1986)। ਇਹ ਸਾਰੇ ਕਮਿਸ਼ਨ ਪੰਜਾਬ ਤੋਂ ਹਰਿਆਣਾ ਨੂੰ ਤਬਦੀਲ ਕਰਨ ਲਈ ਹਿੰਦੀ ਬੋਲਣ ਵਾਲੇ ਖੇਤਰ ਦੀ ਪਛਾਣ ਨਹੀਂ ਕਰ ਸਕੇ। ਜਿਵੇਂ ਕਿ ਪਹਿਲਾਂ 29 ਜਨਵਰੀ, 1970 ਨੂੰ ਤਤਕਾਲੀ ਪ੍ਰਧਾਨ ਮੰਤਰੀ ਦੁਆਰਾ ਐਲਾਨ ਨਾਲ ਹੋਇਆ ਸੀ ਕਿ ਚੰਡੀਗੜ੍ਹ ਪੰਜਾਬ ਵਿੱਚ ਜਾਵੇਗਾ ਅਤੇ ਇਸ ਦੇ ਬਦਲੇ 105 ਹਿੰਦੀ ਬੋਲਣ ਵਾਲੇ ਪਿੰਡ ਤੇ ਦੋ ਸ਼ਹਿਰ (ਅਬੋਹਰ, ਫਾਜ਼ਿਲਕਾ) ਹਰਿਆਣਾ ਨੂੰ ਦਿੱਤੇ ਜਾਣਗੇ।

**ਮੁੱਦਿਆਂ ਨੂੰ ਸੁਲਝਾਉਣ ਲਈ ਯਤਨ ਹੋਣ** : ਹਾਲ ਵਿੱਚ ਹੀ ਉੱਭਰੇ ਮੁੱਦਿਆਂ ਕਾਰਨ ਪੰਜਾਬ ਨਾਲ ਬੇਇਨਸਾਫ਼ੀ ਦੇ ਦੋਸ਼ ਲੱਗ ਸਕਦੇ ਹਨ ਅਤੇ ਹੋ ਸਕਦਾ ਹੈ ਕਿ ਇਨ੍ਹਾਂ ਮੁੱਦਿਆਂ ਨੂੰ ਮਾਹੌਲ ਵਿਗਾੜਨ ਖ਼ਾਤਰ ਤੇ ਭਾਵਨਾਵਾਂ ਨੂੰ ਭੜਕਾਉਣ ਲਈ ਵਰਤਣ ਦੀ ਕੋਸ਼ਿਸ਼ ਕੀਤੀ ਜਾਵੇ। ਸਿਆਸੀ ਪਾਰਟੀਆਂ ਨੂੰ ਵੀ ਸੁਚੇਤ ਰਹਿਣ ਦੀ ਲੋੜ ਹੈ ਕਿ ਭੜਕਾਊ ਭਾਵਨਾਵਾਂ ਪੰਜਾਬ ਨੂੰ ਪਿੱਛੇ ਨਾ ਧੱਕ ਦੇਣ। ਆਓ! ਉਨ੍ਹਾਂ ਲੋਕਾਂ ਤੋਂ ਸੁਚੇਤ ਰਹੀਏ ਜੋ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਸਿਆਸੀ ਖੇਡਾਂ ਖੇਡਦੇ ਹਨ, ਜਿਸ ਨਾਲ ਨਾ ਸਿਰਫ਼ ਪੰਜਾਬ ਸਗੋਂ ਪੂਰੇ ਦੇਸ਼ ਨੂੰ ਭਾਰੀ ਦੁੱਖ ਝੱਲਣਾ ਪੈਂਦਾ ਹੈ। ਬੇਨਤੀ ਹੈ ਕਿ ਰਾਸ਼ਟਰੀ ਹਿੱਤ ਅਤੇ ਨਿਆਂ ਲਈ, ਇਹ ਅਤੇ ਹੋਰ ਨਵੇਂ ਤਰਕਹੀਣ ਫ਼ੈਸਲਿਆਂ ਨੂੰ ਜਲਦੀ ਵਾਪਸ ਲਿਆ ਜਾਵੇ ਅਤੇ ਪੰਜਾਬ ਅਤੇ ਹਰਿਆਣਾ ਦਰਮਿਆਨ ਸਾਰੇ ਮੁੱਦਿਆਂ ਨੂੰ ਸੁਲਝਾਉਣ ਲਈ ਯਤਨ ਮੁੜ ਸੁਰਜੀਤ ਕੀਤੇ ਜਾਣ।

**ਸ਼ਾਹ ਕਮਿਸ਼ਨ ਦੀ ਰਿਪੋਰਟ**

ਸ਼ਾਹ ਕਮਿਸ਼ਨ (1966) ਦੀ ਰਿਪੋਰਟ ਦੇ ਅੰਤਲੇ ਪੈਰੇ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ: 'ਪੰਜਾਬ ਦੇ ਖੇਤਰ ਵਿੱਚ ਵੱਖਰੇ ਭਾਸ਼ਾਈ ਰਾਜਾਂ ਦੀ ਸਥਾਪਨਾ ਲਈ ਹੋਏ ਅੰਦੋਲਨ ਨੇ 18 ਸਾਲ ਤੋਂ ਪਹਿਲਾਂ ਸਿਰ ਚੁੱਕਿਆ ਸੀ, ਅਤੇ ਇਹ ਮੰਦਭਾਗਾ ਹੈ ਕਿ ਇਸ ਸਮੱਸਿਆ ਨਾਲ ਜ਼ੋਰਦਾਰ ਜਨੂੰਨ ਪੈਦਾ ਹੋਇਆ ਸੀ। ਜੰਗ ਵਿੱਚ ਪੰਜਾਬ, ਭਾਰਤ ਦੇ ਰਾਜਾਂ ਵਿੱਚੋਂ ਸਭ ਤੋਂ ਅੱਗੇ ਰਿਹਾ ਹੈ ਅਤੇ ਸ਼ਾਂਤੀ ਦੇ ਸਮੇਂ ਵਿੱਚ ਇਸ ਨੇ ਖੇਤੀ ਉਤਪਾਦਨ ਵਿੱਚ ਬਾਕੀ ਸਾਰੇ ਰਾਜਾਂ ਦੀ ਅਗਵਾਈ ਕੀਤੀ ਹੈ ਅਤੇ ਰਾਜ ਦੇ ਕੁਝ ਹਿੱਸੇ ਛੋਟੇ ਉਦਯੋਗਾਂ ਨਾਲ ਗੂੰਜ ਰਹੇ ਹਨ। ਅਸੀਂ ਪੂਰੀ ਉਮੀਦ ਕਰਦੇ ਹਾਂ ਕਿ ਵਿਵਾਦ ਦੀ ਧੂੜ ਸ਼ਾਂਤ ਹੋਣ ਤੋਂ ਬਾਅਦ ਝਗੜਾ ਸੁਲਝ ਗਿਆ ਹੈ।' ਕਮਿਸ਼ਨ ਤਾਂ 18 ਸਾਲਾਂ ਬਾਬਤ ਚਿੰਤਤ ਸੀ ਪਰ ਚੰਡੀਗੜ੍ਹ ਦਾ ਜ਼ਖ਼ਮ ਹੁਣ 57 ਸਾਲਾਂ ਤੋਂ ਰਿਸ ਰਿਹਾ ਹੈ! ਪਿਛਲੇ ਸਾਲਾਂ ਦੌਰਾਨ ਦੋਵਾਂ ਰਾਜਾਂ ਨੇ, ਬਹੁਤ ਜ਼ਿੰਮੇਵਾਰੀ ਨਾਲ, ਬਹੁਤ ਸਾਰੇ ਰਾਜ-ਪੱਧਰੀ ਦਫ਼ਤਰ ਆਪਣੇ ਆਪਣੇ ਸ਼ਹਿਰਾਂ, ਐਸਏਐਸ. ਨਗਰ ਅਤੇ ਪੰਚਕੂਲਾ ਵਿੱਚ ਸਥਾਪਿਤ ਕੀਤੇ ਜੋ ਖੇਤਰੀ ਤੌਰ 'ਤੇ ਚੰਡੀਗੜ੍ਹ ਨਾਲ ਲੱਗਦੇ ਹਨ ਪਰ ਹੁਣ ਅਚਾਨਕ ਹਰਿਆਣਾ ਵੱਲੋਂ ਚੰਡੀਗੜ੍ਹ ਵਿੱਚ ਜ਼ਮੀਨ ਦੀ ਮੰਗ ਨੂੰ ਲੈ ਕੇ ਕਾਰਵਾਈ ਕੀਤੀ ਜਾ ਰਹੀ ਹੈ ਜੋ ਬੇਹੱਦ ਪ੍ਰੇਸ਼ਾਨ ਕਰਨ ਵਾਲਾ ਅਤੇ ਚਿੰਤਾ ਦਾ ਕਾਰਨ ਹੈ। ਬਿਨ੍ਹਾਂ ਸ਼ੱਕ ਦੋਵਾਂ ਰਾਜਾਂ ਨੂੰ ਆਪਣੀਆਂ ਆਪਣੀਆਂ ਰਾਜਧਾਨੀਆਂ ਦੀ ਲੋੜ ਹੈ।

**- ਬਲਦੇਵ ਸਿੰਘ ਢਿੱਲੋਂ**
ਸਾਬਕਾ ਉਪ-ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
**- ਜੇ ਰੂਪ ਸਿੰਘ**
ਸਾਬਕਾ ਉਪ-ਕੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

# ਸ਼ਾਂਤੀ ਪੂਰਵਕ ਸਗੋਂ ਉਹ ਰਿਆਇਆ ਹੈ ਜਿਹੜੀ ਤੁਹਾਡੇ ਧਰਨੇ ਦੇ ਦੋਵੇਂ ਪਾਸੇ ਖੜੀ ਹੈ




ਸਾਡਾ ਪੀੜੀ ਦਰ ਪੀੜੀ ਖੇਤੀਬਾੜੀ ਵਾਲਾ ਪਰਿਵਾਰ ਹੈ। ਮੇਰਾ ਪਿਓ ਵੀ ਖੇਤੀ ਕਰਦਾ ਸੀ ਮੇਰਾ ਦਾਦਾ ਵੀ ਪੜਦਾਦਾ ਵੀ ਮੈਂ ਵੀ ਖੇਤੀ ਕੀਤੀ । ਸਾਡੀਆਂ ਰਿਸ਼ਤੇਦਾਰੀਆਂ ਚ ਜਿਆਦਾਤਰ ਲੋਕ ਖੇਤੀਬਾੜੀ ਵਾਲੇ ਹੀ ਹਨ । ਅਸੀਂ ਖੇਤੀ ਨੂੰ ਇੱਕ ਧੰਦੇ ਵਜੋਂ ਲਿਆ ਹੈ ਮਤਲਬ ਕਿ ਮੁਨਾਫੇ ਲਈ ਖੇਤੀ ਕੀਤੀ । ਇਨਵੈਸਟਮੈਂਟ ਕਰਨੀ ਹੈ ਤੇ ਫਿਰ ਮੁਨਾਫਾ ਦੇਖਣਾ ਹੈ,ਟੱਬਰ ਦੇ ਖਰਚੇ ਪੂਰੇ ਕਰਨੇ ਨੇ ਦੇਸ਼ ਜਾਂ ਸਮਾਜ ਤੇ ਕੋਈ ਉਪਕਾਰ ਅਸੀਂ ਕਰਦੇ ਹਾਂ ਜਾਂ ਕੀਤਾ ਹੈ ਇਸ ਵਜੋਂ ਖੇਤੀ ਨੂੰ ਕਦੇ ਨਹੀਂ ਦੇਖਿਆ ਅੰਨਦਾਤੇ ਵਾਲੀ ਫੀਲਿੰਗ ਸਾਡੇ ਚੋਂ ਕਦੇ ਕਿਸੇ ਨੇ ਨਹੀਂ ਲਈ ਤੇ ਨਾ ਮੈਂ ਕੋਈ ਲੈਂਦਾ ਦੇਖਿਆ।

ਕਿਸਾਨ ਵੀ ਸਮਾਜ ਦਾ ਉਨਾ ਹੀ ਭਲਾ ਕਰਦਾ ਹੈ ਜਿੰਨਾ ਕਿ ਕੋਈ ਜੁੱਤੀਆਂ ਬਣਾਉਣ ਵਾਲਾ ਕੱਪੜਾ ਬਣਾਉਣਣ ਵਾਲਾ ਜਾ ਰਾਜ ਮਿਸਤਰੀ ਜਾਂ ਕੋਈ ਡਾਕਟਰ ਇੰਜੀਨੀਅਰ ਕਰਦਾ ਹੈ।

ਮੈਨੂੰ ਇਹ ਅਹਿਸਾਸ ਹੈ ਕਿ ਖੁੱਲੇ ਬਾਜ਼ਾਰ ਦੀ ਅਰਥ ਵਿਵਸਥਾ ਚ ਤੁਸੀਂ ਇਕ ਉਤਪਾਦ ਪੈਦਾ ਕਰਕੇ ਜਿਸ ਦੀ ਕਿ ਮਿਕਦਾਰ ਉਸ ਦੀ ਮੰਗ ਤੋਂ ਬਹੁਤ ਜਿਆਦਾ ਹੈ ਸਰਕਾਰ ਨੂੰ ਧੌਣ ਤੇ ਗੋਡਾ ਰੱਖ ਕੇ ਕਹੋ ਕਿ ਇਹਨੂੰ ਖਰੀਦੇ ਮੁਮਕਿਨ ਨਹੀਂ ਹੈ। ਜਿਸ ਚੀਜ ਦੀ ਡਿਮਾਂਡ ਨਹੀਂ ਹੈ ਉਹਨੂੰ ਪੈਦਾ ਕਰਨਾ ਬੰਦ ਕਰਨਾ ਪਏਗਾ।

ਦੂਜਾ ਛੋਟੀ ਤੇ ਦਰਮਿਆਨੀ ਕਿਸਾਨੀ ਦਾ ਕੱਲੀ ਖੇਤੀਬਾੜੀ ਨਾਲ ਮੈਂ ਸਰਦਾ ਕਿਤੇ ਨਹੀਂ ਦੇਖਿਆ । ਖੇਤੀ ਮੁਨਾਫੇ ਵਾਲਾ ਧੰਦਾ ਹੈ ਪਰ ਤੁਹਾਨੂੰ ਆਧੁਨਿਕ ਸਮਾਜ ਵਿਵਸਥਾ ਦੇ ਖਰਚੇ ਪੂਰੇ ਕਰਨ ਲਈ ਖੇਤੀ ਦੇ ਨਾਲ ਨਾਲ ਹੋਰ ਵੀ ਪਾਪੜ ਬੇਲਣੇ ਪੈਂਦੇ ਹਨ।ਜਿਵੇਂ ਕਿਸੇ ਦੁਕਾਨਦਾਰ ਦਾ ਕੱਲੇ ਠੰਡੇ ਜਾਂ ਕੁਰਕੁਰੇ ਵੇਚ ਕੇ ਨਹੀਂ ਸਰਦਾ ਉਹਨੂੰ ਨਾਲ ਦੁੱਧ ਆਈਸਕ੍ਰੀਮ ਵੀ ਰੱਖਣੀ ਪੈਂਦੀ ਹੈ ਨਾਲ ਰੀਚਾਰਜ ਮੋਬਾਈਲ ਕਰਨੇ ਪੈਂਦੇ ਹਨ ਨਾਲ ਕੋਈ ਆਰਡੀਆਂ ਖੋਲਦਾ ਹੈ ਕੋਈ ਬੀਮੇ ਕਰਦਾ ਹੈ ਕੋਈ ਜਮੀਨ ਦੀ ਖਰੀਦ ਵੇਚ ਕਰਦਾ ਹੈ। ਪੰਜ ਚਾਰ ਕਿੱਲਿਆਂ ਦੀ ਖੇਤੀ ਵਾਲੇ ਕੋਲ ਬੜਾ ਸਮਾਂ ਵਿਹਲਾ ਹੁੰਦਾ ਹੈ।

ਕਿ ਤੁਸੀਂ ਖੇਤੀ ਕਰਦੇ ਹੋ ਤੇ ਅਨਾਜ ਪੈਦਾ ਕਰਦੇ ਹੋ ਇਸ ਕਰਕੇ ਤੁਹਾਨੂੰ ਸੜਕਾਂ ਤੇ ਰਸਤੇ ਰੋਕਣ ਦਾ ਅਖਤਿਆਰ ਨਹੀਂ ਮਿਲ ਜਾਂਦਾ ਸ਼ਾਂਤੀ ਪੂਰਵਕ ਸੜਕਾਂ ਰੋਕਣੀਆਂ ਆਪਣੇ ਆਪ ਚ ਵਿਰੋਧਾਭਾਸ ਹੈ। ਸੜਕ ਰੋਕਣਾ ਆਪਣੇ ਆਪ ਚ ਹਿੰਸਾ ਹੈ। ਤੁਸੀਂ ਸ਼ਾਂਤੀ ਪੂਰਵਕ ਸੜਕ ਨਹੀਂ ਰੋਕ ਸਕਦੇ ਜਿਵੇਂ ਤੁਸੀਂ ਸ਼ਾਂਤੀ ਪੂਰਵਕ ਕਿਸੇ ਦਾ ਗਲਾ ਨਹੀਂ ਘੁੱਟ ਸਕਦੇ।

ਸ਼ਾਂਤੀ ਪੂਰਵਕ ਸਗੋਂ ਉਹ ਰਿਆਇਆ ਹੈ ਜਿਹੜੀ ਤੁਹਾਡੇ ਧਰਨੇ ਦੇ ਦੋਵੇਂ ਪਾਸੇ ਖੜੀ ਹੈ । ਤੁਹਾਨੂੰ ਕੁਝ ਕਹਿ ਨਹੀਂ ਰਹੀ। ਆਪਣੇ ਪਹਿਲਾਂ ਤੋਂ ਉਲੀਕੇ ਪ੍ਰੋਗਰਾਮ ਮੁੜ ਵਿਵਸਥਿਤ ਕਰ ਰਹੀ ਹੈ। ਤੁਹਾਡਾ ਧਰਨਾ ਮੁੱਕਣ ਦੀ ਉਡੀਕ ਕਰ ਰਹੀ ਹੈ ,ਰਸਤੇ ਬਦਲ ਬਦਲ ਕੇ ਆਪਣੀਆਂ ਆਪਣੀਆਂ ਮੰਜ਼ਿਲਾਂ ਤੇ ਪਹੁੰਚਣ ਦੀ ਕੋਸ਼ਿਸ਼ ਕਰ ਰਹੀ ਹੈ। ਤੁਹਾਡੀ ਹਿੰਸਾ ਦੇ ਪ੍ਰਤੀਕਰਮ ਵਜੋਂ ਜਿਸ ਦਿਨ ਉਹ ਹਿੰਸਾਤਮਕ ਹੋ ਗਈ ਤੁਹਾਨੂੰ ਰਸਤਾ ਨਹੀਂ ਲੱਭਣਾ।

**— ਲੇਖਕ ਰਣ ਬਹਾਦਰ**

ਸੰਪਾਦਕੀ

# ਸੜਕਾਂ 'ਤੇ ਰੁਲਦਾ ਜੈ ਜਵਾਨ-ਜੈ ਕਿਸਾਨ ਦਾ ਨਾਅਰਾ



ਅੱਜ ਕਿਸਾਨ ਮੁੜ ਸੜਕਾਂ ਤੇ ਹਨ। ਆਪਣੀਆਂ ਫਸਲਾਂ ਤੇ ਨਸਲਾਂ ਦੇ ਸੋਨ ਸੁਨਹਿਰੀ ਭਵਿੱਖ ਲਈ ਸੜਕਾਂ 'ਤੇ ਡਾਂਗਾ ਖਾਂਦਾ ਹੋਇਆ ਕਿਸਾਨ ਅੱਜ ਅੱਤਵਾਦੀ ਵੱਖਵਾਦੀ ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਕਿਸਾਨ ਰਬੜ ਦੀਆਂ ਗੋਲੀਆਂ, ਪਾਣੀ ਦੀਆਂ ਬੁਛਾਰਾਂ ਤੇ ਅੱਥਰੂ ਗੈਸ ਦੇ ਗੋਲਿਆਂ ਹੇਠਾਂ ਆਪਣੇ ਆਪ ਨੂੰ ਆਪਣੇ ਹੀ ਦੇਸ਼ ਵਿੱਚ ਗ਼ੈਰ ਪਰਾਇਆ ਮੰਨਦਾ ਹੋਇਆ ਅਸ਼ਾਂਤ ਹੋ ਰਿਹਾ ਹੈ।

ਕਿਸਾਨ, ਅੰਦੋਲਨ ਦੇ ਰਾਹ 'ਤੇ ਸਿਰਫ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੀ ਕਾਰਜ ਕਾਲ ਦੌਰਾਨ ਨਹੀਂ ਪਿਆ। ਜੇਕਰ ਅਜਿਹਾ ਹੁੰਦਾ ਤਾਂ ਚੌਧਰੀ ਚਰਨ ਸਿੰਘ, ਮਹਿੰਦਰ ਸਿੰਘ ਟਿਕੈਤ ਜਿਹੇ ਆਗੂਆਂ ਦਾ ਜ਼ਿਕਰ ਨਹੀਂ ਸੀ ਹੋਣਾ। ਸਵਾਮੀਨਾਥਨ ਜਿਹਨਾਂ ਨੂੰ ਖੇਤੀ ਮੁਹਾਰਤ ਲਈ 'ਭਾਰਤ ਰਤਨ' ਨਾਲ ਸਨਮਾਨਿਆ ਗਿਆ ਹੈ, ਉਨ੍ਹਾਂ ਦੀਆਂ ਰਿਪੋਰਟਾਂ ਨੂੰ ਕਿਸਾਨ ਲਾਗੂ ਕਰਵਾਉਣ ਲਈ ਹੱਥਾਂ 'ਚ ਡੰਡੇ ਲੈ ਕੇ ਦਿੱਲੀ ਚੱਲੋ ਦਾ ਨਾਅਰਾ ਨਾ ਮਾਰਦੇ।

ਕਿਸਾਨੀ ਨਾਲ ਅੱਖ ਵੈਰ ਅੰਗਰੇਜ਼ਾਂ ਦੇ ਸਮੇਂ ਤੋਂ ਹੀ ਚੱਲ ਰਿਹਾ ਹੈ। ਕਿਸਾਨਾਂ ਦੀਆਂ ਜ਼ਮੀਨਾਂ ਤੇ ਕਾਰਪੋਰੇਟ ਘਰਾਣਿਆਂ ਦੀ ਇੱਕ ਅੱਖ ਚੂੰਡਣ ਨੂੰ ਤਿਾਰੀ ਖਿੱਚੀ ਬੈਠੀ ਹੈ। ਕਿਸਾਨੀ ਨੂੰ ਸਾਡੀ ਜ਼ਿੰਦਗੀ ਦੀ ਮੁੱਖ ਲੋੜ ਤੋਂ ਬਾਹਰ ਕੱਢਕੇ 'ਧੰਦੇ' ਵਾਲੇ ਝਮੇਲੇ ਵਿੱਚ ਪਾਉਣ ਦਾ 'ਵਪਾਰ ਚਾਅ' ਸਾਨੂੰ ਕਾਰਪੋਰੇਟ ਘਰਾਣਿਆਂ ਦੇ ਵੱਡੇ ਵੱਡੇ ਗੇਟਾਂ ਅੱਗੇ ਲਿਜਾ ਖੜ੍ਹਦਾ ਹੈ। ਜਿਥੇ ਕਿਸਾਨ ਦਾ ਪੁੱਤ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਚਰਚਾ ਕਰਦਾ ਨਜ਼ਰ ਆਉਣਾ ਚਾਹੀਦਾ ਸੀ। ਉਹੀ ਗੱਭਰੂ ਅੱਜ ਕੰਪਨੀਆਂ ਦੇ ਟੈਂਕ ਨੁਮਾ ਟਰੈਕਟਰ ਖਰੀਦਣ ਲਈ ਮਾਂ-ਪਿਓ ਦੇ ਸੰਘ 'ਚ ਅੰਗੂਠਾ ਦਿੰਦਾ ਹੈ। ਰੇਆ ਸਪਰੇਆਂ ਤੇ ਨਦੀਨ ਨਾਸ਼ਕਾਂ ਤੇ ਖਾਦਾਂ ਦੀ ਵਰਤੋਂ ਕਿਸਾਨੀ ਦੀ ਕਾਰਪੋਰੇਟ ਜਗਤ ਤੇ ਟੇਕ ਲਗਾਈ, ਵਪਾਰੀ ਅੱਖਾਂ 'ਚ ਚਮਕ ਦੇ ਰਹੀ ਹੈ ਤੇ ਕਿਸਾਨੀ ਮੁਕਣ ਕਿਨਾਰੇ ਹੈ।

ਅੱਜ ਪੁਰਾਣੀਆਂ ਰਵਾਇਤਾਂ ਨਾਲੋਂ ਟੁੱਟ ਕੇ ਕਾਰਪੋਰੇਟਰ ਤਰੀਕਿਆਂ ਨਾਲ ਜਾਂ ਇਹ ਕਹਿ ਲਵੋ ਉਨ੍ਹਾਂ ਦੇ ਸਮਝਾਏ ਤੌਰ ਤਰੀਕਿਆਂ ਨਾਲ ਖੇਤੀ ਕਰਕੇ ਬਿਗਾਨੇ ਹੱਥਾਂ 'ਚ ਅਸੀਂ ਖੇਡ ਚੁੱਕੇ ਹਾਂ। ਹੁਣ ਉਹ ਵਪਾਰਕ ਘਰਾਣੇ ਸਾਨੂੰ ਆਪਣੇ ਮੁਤਾਬਿਕ ਵਰਤਣਾ ਚਾਹੁੰਦੇ ਹਨ। ਉਹ ਕੰਪਨੀਆਂ ਸਾਡੀਆਂ ਜ਼ਮੀਨਾਂ 'ਤੇ ਕਾਬਜ਼ ਹੋਣਾ ਚਾਹੁੰਦੀਆਂ ਹਨ, ਜਿਹੜੀਆਂ ਕੰਪਨੀਆਂ ਸਾਡੇ ਕਿਸਾਨਾਂ ਦੇ ਮਗਰ ਮਗਰ ਤੁਰੀਆਂ ਫਿਰਦੀਆਂ ਹਨ।

ਸਾਡੇ ਲਈ ਸੰਘਰਸ਼ ਕਰਨ ਦਾ ਮੁੱਢ ਉਦੋਂ ਹੋਰ ਵੀ ਡੂੰਘਾ ਬੱਝ ਗਿਆ ਸੀ, ਜਦੋਂ ਅਸੀਂ ਖੇਤਾਂ ਨਾਲੋਂ ਟੁੱਟ ਕੇ ਸ਼ਹਿਰ ਦਾ ਮੋਹ ਪਾਲ ਲਿਆ ਤੇ ਆਪਣੇ ਬੱਚਿਆਂ ਨੂੰ ਪੈਕ ਛੱਲੀਆਂ ਲਿਆ ਕੇ ਚੱਬਣ ਦਾ ਸੁਆਦ ਦੁਆਉਣ ਲੱਗ ਪਏ। ਸਾਡੇ ਬੱਚੇ ਖੇਤਾਂ ਦੀਆਂ ਵੱਟਾਂ ਤੋਂ ਆਪਣਾ ਭਵਿੱਖ ਤਿਲਕਦਾ ਹੋਇਆ ਦੇਖ ਕੇ ਵਿਦੇਸ਼ ਦੀ ਉਡਾਰੀ ਭਰ ਗਏ। ਸਾਡੇ ਘਰਾਂ ਤੇ ਖੇਤਾਂ ਵਿੱਚ ਘੁੰਮਦੇ ਪਰਵਾਸੀ ਤੇ ਇੱਕ ਉਜਾੜੇ ਵੱਲ ਵੱਧਦੇ ਪੰਜਾਬੀਆਂ ਦਾ ਗਲ ਘੁੱਟਣ ਤੋਂ ਹੁਣ ਕੌਣ ਬਚਾ ਸਕਦਾ ਹੈ?

ਜੇਕਰ ਬੱਚੇ ਦੇ ਹੱਥ ਰੋਟੀ ਦੇ ਕੇ ਮਾਂ ਅੰਦਰ ਚਲੀ ਜਾਵੇ ਤਾਂ ਹੱਥ 'ਚੋਂ ਟੁੱਕ ਕਾਂ ਖੋਹ ਲੈਂਦੇ ਹਨ। ਇਸੇ ਤਰ੍ਹਾਂ ਹੀ ਸਾਰੇ ਕਿਸਾਨਾਂ ਦਾ ਧਿਆਨ ਉੱਤਮ ਖੇਤੀ ਵੱਲੋਂ ਹਟਿਆ ਪਿਆ ਹੈ ਤੇ ਖਾਲੀ ਜ਼ਮੀਨਾਂ ਸਾਂਭਣ ਲਈ ਕਾਰਪੋਰੇਟ ਘਰਾਣੇ ਪੱਬਾਂ ਭਾਰ ਹਨ। ਜੋ ਸਾਰੇ ਸੰਘਰਸ਼ੀ ਯੋਧੇ ਸੜਕਾਂ 'ਤੇ ਤਾਂ ਹਨ ਪਰ ਨਾਲ ਹੀ ਸਾਡੀ ਖੇਤੀ ਵੀ ਸੜਕ 'ਤੇ ਹੈ, ਭਾਵ ਸੜਕਾਂ 'ਤੇ ਸਾਡੀਆਂ ਫ਼ਸਲਾਂ ਰੁਲਦੀਆਂ ਹਨ। ਬੇਪਰਵਾਹ ਸਰਕਾਰਾਂ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਸੰਘਰਸ਼ ਵਿੱਚ ਜਵਾਨ ਤੇ ਕਿਸਾਨ ਆਹਮੋ ਸਾਹਮਣੇ ਹਨ ਤੇ ਹੋ ਰਹੀ ਇਸ ਆਪਸੀ ਜੰਗ 'ਚ ਸ਼ਾਇਦ ਕਿਧਰੇ ਜੈ ਜਵਾਨ-ਜੈ ਕਿਸਾਨ ਦੇ ਨਾਅਰੇ ਦੀ ਖਿੱਲੀ ਉਡ ਰਹੀ ਹੈ।

**—ਜਗਜੀਤ ਸਿੰਘ ਪੰਜੂ**
ਮੁੱਖ ਸੰਪਾਦਕ

---

**ਚੋਣ ਪ੍ਰਚਾਰ ਸਮੇਂ ਕੀਤੇ ਜਾਂਦੇ ਬੇਤਹਾਸ਼ਾ ਖਰਚਿਆਂ ਨੂੰ ਲੈ ਕੇ ਸਖ਼ਤ ਹੋਇਆ ਇਲੈਕਸ਼ਨ ਕਮਿਸ਼ਨ**

# ਉਮੀਦਵਾਰ ਹੁਣ ਚੋਣ ਪ੍ਰਚਾਰ ਤੇ 95 ਲੱਖ ਹੀ ਖਰਚ ਕਰ ਸਕਣਗੇ




ਆਗਾਮੀ ਲੋਕ ਸਭਾ ਚੋਣਾਂ 'ਚ ਇਕ ਉਮੀਦਵਾਰ ਸਿਰਫ਼ 95 ਲੱਖ ਰੁਪਏ ਹੀ ਖ਼ਰਚ ਕਰ ਸਕੇਗਾ। ਪੰਜਾਬ ਦੇ ਮੁੱਖ ਚੋਣ ਅਫ਼ਸਰ ਨੇ ਚੋਣਾਂ 'ਚ ਉਮੀਦਵਾਰ ਤੇ ਸਿਆਸੀ ਪਾਰਟੀਆਂ ਦੇ ਖ਼ਰਚ ਸਬੰਧੀ ਸੂਚੀ ਜਾਰੀ ਕਰ ਦਿੱਤੀ ਹੈ। ਇਹ ਗੱਲ ਵੱਖਰੀ ਹੈ ਕਿ ਵੋਟਾਂ 'ਚ ਸਿਆਸੀ ਪਾਰਟੀਆਂ ਤੇ ਉਮੀਦਵਾਰ ਆਪਣੀ ਜਿੱਤ ਨੂੰ ਯਕੀਨੀ ਬਣਾਉਣ ਲਈ ਕਰੋੜਾਂ ਰੁਪਏ ਖ਼ਰਚ ਕਰਦੇ ਹਨ, ਪਰ ਫਿਰ ਵੀ ਚੋਣ ਕਮਿਸ਼ਨ ਨੇ ਆਮ ਚੋਣਾਂ ਦੀਆਂ ਤਿਆਰੀਆਂ ਸਬੰਧੀ ਲੋਕ ਸਭਾ ਹਲਕੇ ਦੇ * ਇਕ ਉਮੀਦਵਾਰ ਦਾ ਵੱਧ ਤੋਂ ਵੱਧ ਖਰਚਾ 95 ਲੱਖ ਰੁਪਏ ਤੈਅ ਕੀਤਾ ਹੈ। ਵਿਧਾਨ ਸਭਾ ਚੋਣਾਂ 'ਚ ਇਹ ਹੱਦ 40 ਲੱਖ ਰੁਪਏ ਪ੍ਰਤੀ ਉਮੀਦਵਾਰ ਤੈਅ ਕੀਤੀ ਗਈ ਹੈ। ਚੋਣ ਕਮਿਸ਼ਨ ਦੀਆਂ ਹਦਾਇਤਾਂ ਦੇ ਉਲਟ ਜੇਕਰ ਕਿਸੇ ਉਮੀਦਵਾਰ ਦਾ ਖ਼ਰਚਾ ਤੈਅ ਹੱਦ ਤੋਂ ਜ਼ਿਆਦਾ ਪਾਇਆ ਗਿਆ ਉਸਦੀ ਉਮੀਦਵਾਰੀ 'ਤੇ ਖਤਰਾ ਖੜ੍ਹਾ ਹੋ ਜਾਂਦਾ ਹੈ। ਚੋਣ ਕਮਿਸ਼ਨ ਕੋਲ ਅਜਿਹੇ ਉਮੀਦਵਾਰ ਨੂੰ ਚੋਣ ਲੜਨ ਤੋਂ ਰੋਕਣ ਦਾ ਅਧਿਕਾਰ ਹੈ।

ਪੰਜਾਬ ਦੇ ਮੁੱਖ ਚੋਣ ਅਫ਼ਸਰ ਸੀ. ਸਿੱਬਨ ਨੇ ਦੱਸਿਆ ਕਿ ਉਮੀਦਵਾਰਾਂ ਦੇ ਖ਼ਰਚ ਸਬੰਧੀ ਵੱਖ-ਵੱਖ ਜ਼ਿਲ੍ਹਿਆਂ ਦੇ ਅਧਿਕਾਰੀਆਂ 'ਤੇ. ਅਧਾਰਿਤ ਇਕ ਕਮੇਟੀ ਗਠਿਤ ਕੀਤੀ ਸੀ। ਇਨ੍ਹਾਂ ਨੇ ਚੋਣਾਂ 'ਚ ਵਰਤੋਂ 'ਚ ਆਉਣ ਵਾਲੀਆਂ ਕਰੀਬ 201 ਵਸਤਾਂ ਦੇ ਰੇਟ ਫਿਕਸ ਕਰਨ ਦੀ ਸਿਫਾਰਸ਼ ਕੀਤੀ ਸੀ। ਉਨ੍ਹਾਂ ਦੱਸਿਆ ਕਿ ਅਧਿਕਾਰੀਆਂ ਦੀ ਰਿਪੋਰਟ ਦੇ ਅਧਾਰ 'ਤੇ ਸਾਰੀਆਂ ਵਸਤਾਂ ਦੇ ਰੇਟ ਫਿਕਸ ਕਰ ਦਿੱਤੇ ਗਏ ਹਨ। ਹਾਲਾਂਕਿ ਇਹ ਰੇਟ ਪਿਛਲੀਆਂ ਚੋਣਾਂ ਦੇ ਮੁਕਾਬਲੇ ਵਧੀ ਮਹਿੰਗਾਈ ਮੁਤਾਬਕ ਵਧਾਏ ਗਏ ਹਨ।

**ਚੋਣ ਪ੍ਰਚਾਰ ਦੀਆਂ ਵਸਤਾਂ**

- ਪਾਰਟੀ ਦਫ਼ਤਰ (ਸ਼ਹਿਰੀ ਖੇਤਰ): 11000 ਰੁਪਏ
- ਪਾਰਟੀ ਦਫ਼ਤਰ (ਪੇਂਡੂ ਖੇਤਰ): 5500 ਰੁਪਏ
- ਮੈਰਿਜ ਪੈਲੇਸ (ਪੇਂਡੂ ਖੇਤਰ): 24000 ਰੁਪਏ
- ਮੈਰਿਜ ਪੈਲੇਸ (ਕਸਬਾ): 45000 ਰੁਪਏ
- ਮੈਰਿਜ ਪੈਲੇਸ (ਸ਼ਹਿਰੀ ਖੇਤਰ): 60000 ਰੁਪਏ
- ਸਟੇਜ ਵੀਹ ਫੁੱਟ: 2400 ਰੁਪਏ
- ਸਿਰੋਪਾ: 100 ਰੁਪਏ
- ਤਿੰਨ ਫੁੱਟ ਕਿਰਪਾਨ: 800 : ਰੁਪਏ
- ਸਾਦੀ ਟੋਪੀ/ ਪ੍ਰਿੰਟਡ ਟੋਪੀ: 5/14 ਰੁਪਏ
- ਟੀ ਸ਼ਰਟ/ ਪ੍ਰਿੰਟਿਡ ਟੀ ਸ਼ਰਟ 75/175 ਰੁਪਏ
- ਕੰਪਿਊਟਰ ਪ੍ਰਤੀ: 500 ਰੁਪਏ
- ਵੈਬ ਕੈਮਰਾ: 1000 ਰੁਪਏ
- ਵੀਡਿਓਗ੍ਰਾਫ਼ੀ: 2000 ਰੁਪਏ
- ਕੰਧ 'ਤੇ ਪੇਂਟਿੰਗ ਦਾ: 400 ਰੁਪਏ
- ਸਾਬਣ ਦੀ ਟਿੱਕੀ: 40 ਰੁਪਏ
- ਢੋਲੀ (ਪ੍ਰਤੀ ਦਿਨ): 600 ਰੁਪਏ
- ਢਾਡੀ ਜਥਾ ਪ੍ਰਤੀ ਪ੍ਰੋਗਰਾਮ: 4000 ਰੁਪਏ
- ਡਰਾਈਵਰ ਸਣੇ ਭੋਜਨ (ਪ੍ਰਤੀ ਦਿਨ): 800 ਰੁਪਏ
- ਡੀਜੇ ਆਰਕੈਸਟਰਾ (ਪ੍ਰਤੀ ਦਿਨ): 4500 ਰੁਪਏ

**ਖਾਣ-ਪੀਣ ਦੀਆਂ ਵਸਤਾਂ**

- ਖਾਣ-ਪੀਣ ਦੀਆਂ ਵਸਤਾਂ
- ਬਿਸਕੁਟ/ਜਲੇਬੀ/ ਪਕੌੜੇ (ਪ੍ਰਤੀ ਕਿੱਲੋ): 175 ਰੁਪਏ
- ਬੇਸਨ ਬਰਫ਼ੀ (ਪ੍ਰਤੀ ਕਿੱਲੋ): 220 ਰੁਪਏ
- ਬਰਫ਼ੀ/ ਘਿਓ ਪਿੰਨੀ (ਪ੍ਰਤੀ ਕਿੱਲੋ): 300 ਰੁਪਏ
- ਗੱਚਕ (ਪ੍ਰਤੀ ਕਿੱਲੋ): 100 ਰੁਪਏ
- ਲੱਡੂ ਬੂੰਦੀ/ ਰਸਗੁੱਲੇ (ਪ੍ਰਤੀ ਕਿੱਲੋ): 150 ਰੁਪਏ
- ਢੋਡਾ ਸਵੀਟ (ਪ੍ਰਤੀ ਕਿੱਲੋ): 850 ਰੁਪਏ
- ਕੇਕ (ਪ੍ਰਤੀ ਕਿੱਲੋ): 350 ਰੁਪਏ
- ਮਟਨ (ਪ੍ਰਤੀ ਕਿੱਲੋ): 500 ਰੁਪਏ
- ਚਿਕਨ (ਪ੍ਰਤੀ ਕਿੱਲੋ): 250 ਰੁਪਏ
- ਮੱਛੀ (ਪ੍ਰਤੀ ਕਿੱਲੋ): 600 ਰੁਪਏ
- ਦੁੱਧ (ਪ੍ਰਤੀ ਲੀਟਰ): 55 ਰੁਪਏ
- ਬ੍ਰੈਡ ਪਕੌੜਾ/ ਕਚੌਰੀ (ਪ੍ਰਤੀ ਪੀਸ): 15ਰੁਪਏ
- ਸੈਂਡਵਿਚ (ਪ੍ਰਤੀ ਪੀਸ): 15 ਰੁਪਏ
- ਸਮੋਸਾ ਚਟਨੀ/ ਛੋਲੇ ਸਮੋਸਾ (ਪ੍ਰਤੀ ਪੀਸ): 15/25 ਰੁਪੈ
- ਪਨੀਰ ਪਕੌੜਾ (ਪ੍ਰਤੀ ਪੀਸ): 20 ਰੁਪਏ
- ਪਰਾਂਠਾ (ਇਕ): 30 ਰੁਪਏ
- ਛੋਲੇ ਭਟੂਰੇ 40 ਰੁਪਏ
- ਨਿੰਬੂ ਸ਼ਿਕੰਜਵੀ/ ਲੱਸੀ (ਪ੍ਰਤੀ ਗਿਲਾਸ): 15/20ਰੁਪਏ
- ਕੌਫੀ/ ਚਾਹ (ਪ੍ਰਤੀ ਕੱਪ): 15 ਰੁਪਏ

---

# ਮਰਸਡੀਜ਼ ਬੈਨਜ਼ ਨੇ ਦੁਬਈ ਚ ਲਾਂਚ ਕੀਤਾ 65 ਮੰਜਿਲਾਂ ਰਿਹਾਇਸ਼ੀ

## ਦਸ ਬਿਲੀਅਨ ਡਾਲਰ ਤੋਂ ਸ਼ੁਰੂ ਹੋਣਗੀਆਂ ਘਰਾਂ ਦੀਆਂ ਕੀਮਤਾਂ



ਬਿੰਗਹਾਟੀ ਪ੍ਰਾਪਰਟੀਜ਼ ਅਤੇ ਮਰਸਡੀਜ਼- ਬੈਂਜ਼ ਨੇ ਦੁਬਈ ਵਿਚ 1 ਬਿਲੀਅਨ ਡਾਲਰ ਬ੍ਰਾਂਡੇਡ ਰਿਹਾਇਸ਼ੀ ਟਾਵਰ ਲਈ ਬਲੂਪ੍ਰਿੰਟ ਦਾ ਖੁਲਾਸਾ ਕੀਤਾ ਹੈ। ਇਹ ਬੇਮਿਸਾਲ ਪਹਿਲ ਰੀਅਲ ਅਸਟੇਟ ਡਿਵੈੱਲਪਰ ਦੀ ਕੁਸ਼ਲਤਾ ਨੂੰ ਮਰਸੀਡੀਜ਼-ਬੈਂਜ਼ ਬ੍ਰਾਂਡ ਨਾਲ ਜੁੜੀ ਲਗਜ਼ਰੀ ਅਤੇ ਖੋਜੀ ਭਾਵਨਾ ਨਾਲ ਜੋੜਦੀ ਹੈ । ਬਹੁਤ ਹੀ ਮਸ਼ਹੂਰ ਡਾਊਨਟਾਊਨ ਦੁਬਈ ਖੇਤਰ ਵਿਚ ਸੀਮਤ ਪਲਾਟਾਂ 'ਚੋਂ ਇਕ ਵਿਚ ਸਥਿਤ ਇਸ 65 ਮੰਜ਼ਿਲਾ ਟਾਵਰ ਵਿਚ 150 ਅਪਾਰਟਮੈਂਟ ਹੋਣਗੇ, ਜਿਨਾਂ ਦੀਆਂ ਕੀਮਤਾਂ 10 ਮਿਲੀਅਨ - ਡਾਲਰ ਤੋਂ ਸ਼ੁਰੂ ਹੋਣਗੀਆਂ। ਰਿਪੋਰਟ ਵਿਚ ਅੱਗੇ ਦੱਸਿਆ ਗਿਆ ਹੈ ਕਿ ਅਭਿਲਾਸ਼ੀ ਯੋਜਨਾ 2026 ਦੀ ਚੌਥੀ ਤਿਮਾਹੀ ਵਿਚ ਪੂਰੀ ਹੋਣ ਵਾਲੀ ਹੈ।

**ਟ੍ਰਿਪਲੈਕਸ ਇਕਾਈਆਂ 'ਚ ਸਿਨੇਮਾ ਅਤੇ ਸਪਾ ਦੀ ਸਹੂਲਤ :** ਡੁਪਲੈਕਸ ਨਿਵਾਸਾਂ ਵਿਚ ਛੇ ਬੈੱਡਰੂਮ, ਇਕ ਪ੍ਰਾਈਵੇਟ ਜਿੰਮ ਅਤੇ ਇਕ ਦਫ਼ਤਰ ਵਰਗੀਆਂ ਵਿਸ਼ੇਸ਼ ਸਹੂਲਤਾਂ ਹੋਣਗੀਆਂ। ਦੂਜੀ ਅਤੇ ਤੀਜੀ ਮੰਜ਼ਿਲ ਵਾਲੀਆਂ ਟ੍ਰਿਪਲੈਕਸ ਇਕਾਈਆਂ ਇਕ ਨਿੱਜੀ ਜਿੰਮ, ਇਕ ਸਿਨੇਮਾ, ਇਕ ਸਪਾ ਅਤੇ ਹੋਰ ਸਹੂਲਤਾਂ ਮੁਹੱਈਆ ਕਰੇਗੀ।

**40 ਇਲੈਕਟ੍ਰਿਕ ਵਾਹਨਾਂ ਦੀ ਚਾਰਜਿੰਗ ਦੀ ਸਹੂਲਤ:** ਡਿਵੈਲਪਰ ਨੇ ਇਮਾਰਤ ਦੇ ਅਗਲੇ ਹਿੱਸੇ ਵਿਚ ਫ਼ੋਟੋਵੋਲਟਿਕ ਤਕਨਾਲੋਜੀ ਨੂੰ ਵਿਆਪਕ ਰੂਪ ਵਿਚ ਸ਼ਾਮਲ ਕੀਤਾ ਹੈ, ਜਿਸਦਾ ਟੀਚਾ ਢਾਂਚੇ ਦੇ ਅੰਦਰ ਇਲੈਕਟ੍ਰਿਕ ਵਾਹਨਾਂ ਨੂੰ ਚਾਰਜ ਕਰਨ ਲਈ ਬਿਜਲੀ ਪੈਦਾ ਕਰਨਾ ਹੈ। ਬਿੰਗਹਾਟੀ ਪ੍ਰਾਪਰਟੀਜ਼ ਦੇ ਸੀ. ਈ.ਓ ਮੁਹੰਮਦ ਬਿੰਗਹਾਟੀ ਨੇ ਇਕ ਇੰਟਰਵਿਊ ਵਿਚ ਦੱਸਿਆ ਕਿ 75,000 ਵਰਗ ਫੁੱਟ ਵਿਚ ਫੈਲਿਆ ਵਿਸ਼ਾਲ ਫੇਸਡ, ਪ੍ਰਤੀ ਦਿਨ 40 ਇਲੈਕਟ੍ਰਿਕ ਵਾਹਨਾਂ ਨੂੰ ਚਾਰਜ ਕਰਨ ਦੇ ਸਮਰੱਥ ਊਰਜਾ ਪੈਦਾ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਦਾ ਮਤਲਬ ਕੁੱਲ 20,000 ਕਿਲੋਮੀਟਰ ਦੀ ਕਾਰਬਨ ਮੁਕਤ ਯਾਤਰਾ ਹੈ। ਮਰਸੀਡੀਜ਼-ਬੈਂਜ਼ ਪਲੇਸ ਬਿੰਗਹਾਟੀ ਦੁਆਰਾ ਬ੍ਰਾਂਡੇਡ ਰਿਹਾਇਸ਼ਾਂ ਵਿਚ ਡਿਵੈੱਲਪਰ ਦਾ ਨਵੀਨਤਮ ਉੱਦਮ ਹੈ।

*ਸੁੰਦਰਤਾ ਅਤੇ ਡਿਜ਼ਾਈਨ ਦਾ ਅਨੋਖਾ ਮੇਲ : ਰਿਪੋਰਟ ਮੁਤਾਬਕ ਟਾਵਰ ਆਟੋਮੋਟਿਵ ਦੁਨੀਆ ਤੋਂ ਪ੍ਰੇਰਿਤ ਆਰਕੀਟੈਕਚਰਲ ਸੁੰਦਰਤਾ ਅਤੇ ਡਿਜ਼ਾਈਨ ਦਾ ਇਕ ਅਨੋਖਾ ਮਿਸ਼ਰਣ ਹੈ ਜੋ ਲਗਜ਼ਰੀ ਦੇ ਸਿਖਰ ਦਾ ਪ੍ਰਤੀਕ ਹੈ। ਅਤਿਆਧੁਨਿਕ ਸਹੂਲਤਾਂ ਅਤੇ ਸ਼ੁੱਧਤਾ ਪ੍ਰਤੀ ਬੇਜੋੜ ਵਚਨਬੱਧਤਾ ਦਾ ਦਾਅਵਾ ਕਰਦੇ ਹੋਏ ਇਹ ਉੱਦਮ ਦੁਬਈ ਵਿਚ ਉੱਚ ਪੱਧਰੀ ਜੀਵਨ ਸ਼ੈਲੀ ਦੀ ਧਾਰਨਾ ਨੂੰ ਮੁੜ ਪਰਿਭਾਸ਼ਿਤ ਕਰਦਾ ਹੈ। ਡੁਪਲੈਕਸ ਅਤੇ ਟ੍ਰਿਪਲੈਕਸ ਅਪਾਰਟਮੈਂਟ ਖਲੀਜ਼ ਟਾਈਮਸ ਦੀ ਰਿਪੋਰਟ ਮੁਤਾਬਕ ਲਗਜ਼ਰੀ ਰੀਅਲ ਅਸਟੇਟ ਡਿਵੈੱਲਪਰ ਬਿੰਗਹਾਟੀ ਪ੍ਰਾਪਰਟੀਜ਼ ਨੇ 1 ਬਿਲੀਅਨ ਡਾਲਰ ਦਾ ਨਵਾਂ ਰਿਹਾਇਸ਼ੀ ਪ੍ਰਾਜੈਕਟ ਡਾਊਨਟਾਊਨ ਪੇਸ਼ ਕੀਤਾ । ਪ੍ਰਸਿੱਧ ਜਰਮਨ ਲਗਜ਼ਰੀ ਵਾਹਨ ਨਿਰਮਾਤਾ ਮਰਸੀਡੀਜ਼- ਬੈਂਜ਼ ਦੇ ਸਹਿਯੋਗ ਨਾਲ ਬਣਾਏ ਗਏ ਇਸ ਰਿਹਾਇਸ਼ੀ ਪ੍ਰਾਜੈਕਟ ਵਿਚ ਡੁਪਲੈਕਸ ਅਤੇ ਟ੍ਰਿਪਲੈਕਸ ਅਪਾਰਟਮੈਂਟ ਹੋਣਗੇ। ਨਿਵਾਸ ਵਿਚ ਡੁਪਲੈਕਸ ਅਤੇ ਟ੍ਰਿਪਲੈਕਸ ਅਪਾਰਟਮੈਂਟ ਦੇ ਨਾਲ ਦੋ-ਤਿੰਨ ਅਤੇ ਚਾਰ ਬੈੱਡਰੂਮ ਇਕਾਈਆਂ ਅਤੇ ਪੰਜ ਬੈੱਡਰੂਮ ਪੇਂਟਹਾਊਸ ਸ਼ਾਮਲ ਹੋਣਗੇ। ਦੋ ਬੈੱਡਰੂਮ ਵਾਲੇ ਫਲੋਰ 'ਤੇ ਸਿਰਫ ਚਾਰ ਸੂਈਟ ਹੋਣਗੇ, ਜਦ ਕਿ ਤਿੰਨ ਬੈੱਡਰੂਮ ਵਾਲੇ ਯੂਨਿਟ ਫਲੋਰ 'ਤੇ ਸਿਰਫ ਤਿੰਨ ਸੁਈਟ ਹੋਣਗੇ। ਇਸ ਤੋਂ ਇਲਾਵਾ ਹਰੇਕ ਮੰਜ਼ਿਲ 'ਤੇ ਸਿਰਫ ਦੋ ਪੰਜ ਬੈੱਡਰੂਮ ਵਾਲੇ ਪੇਂਟਹਾਊਸ ਹੋਣਗੇ।*

# ਇੰਟਰਨੈੱਟ ਧੋਖਾਧੜੀ ਅਤੇ ਪੈਸੇ ਦੀ ਠੱਗੀ ਦੀਆਂ ਵੱਧ ਰਹੀਆਂ ਵਾਰਦਾਤਾਂ



ਇੰਟਰਨੈੱਟ ਧੋਖਾਧੜੀ ਵਿੱਚ ਪੀੜਤਾਂ ਨਾਲ ਧੋਖਾਧੜੀ ਕਰਨ ਜਾਂ ਫਾਇਦਾ ਲੈਣ ਲਈ ਇੰਟਰਨੈੱਟ ਤੱਕ ਪਹੁੰਚ ਵਾਲੇ ਔਨਲਾਈਨ ਸੇਵਾਵਾਂ ਅਤੇ ਸੌਫਟਵੇਅਰ ਦੀ ਵਰਤੋਂ ਕਰਨਾ ਸ਼ਾਮਲ ਹੈ। 'ਇੰਟਰਨੈੱਟ ਧੋਖਾਧੜੀ' ਸ਼ਬਦ ਆਮ ਤੌਰ 'ਤੇ ਸਾਈਬਰ ਕ੍ਰਾਈਮ ਗਤੀਵਿਧੀ ਨੂੰ ਕਵਰ ਕਰਦਾ ਹੈ ਜੋ ਇੰਟਰਨੈਟ ਜਾਂ ਈਮੇਲ 'ਤੇ ਹੁੰਦੀ ਹੈ, ਜਿਸ ਵਿੱਚ ਪਛਾਣ ਦੀ ਚੋਰੀ, ਫਿਸ਼ਿੰਗ ਅਤੇ ਹੋਰ ਹੈਕਿੰਗ ਗਤੀਵਿਧੀਆਂ ਜਿਵੇਂ ਕਿ ਲੋਕਾਂ ਨੂੰ ਪੈਸੇ ਦਾ ਧੋਖਾ ਦੇਣ ਲਈ ਤਿਆਰ ਕੀਤਾ ਗਿਆ ਹੈ। ਇੰਟਰਨੈੱਟ ਘੁਟਾਲੇ ਜੋ ਔਨਲਾਈਨ ਸੇਵਾਵਾਂ ਰਾਹੀਂ ਪੀੜਤਾਂ ਨੂੰ ਨਿਸ਼ਾਨਾ ਬਣਾਉਂਦੇ ਹਨ, ਹਰ ਸਾਲ ਲੱਖਾਂ ਡਾਲਰਾਂ ਦੀ ਧੋਖਾਧੜੀ ਵਾਲੀ ਗਤੀਵਿਧੀ ਲਈ ਖਾਤਾ ਬਣਾਉਂਦੇ ਹਨ ਅਤੇ ਅੰਕੜੇ ਲਗਾਤਾਰ ਵਧਦੇ ਰਹਿੰਦੇ ਹਨ ਕਿਉਂਕਿ ਇੰਟਰਨੈਟ ਦੀ ਵਰਤੋਂ ਵਧਦੀ ਜਾਂਦੀ ਹੈ ਅਤੇ ਸਾਈਬਰ-ਅਪਰਾਧਿਕ ਤਕਨੀਕਾਂ ਵਧੇਰੇ ਵਧੀਆ ਬਣ ਜਾਂਦੀਆਂ ਹਨ। ਇੰਟਰਨੈੱਟ ਧੋਖਾਧੜੀ ਦੇ ਅਪਰਾਧਾਂ 'ਤੇ ਰਾਜ ਅਤੇ ਸੰਘੀ ਕਾਨੂੰਨ ਦੇ ਤਹਿਤ ਮੁਕੱਦਮਾ ਚਲਾਇਆ ਜਾਂਦਾ ਹੈ। ਸਾਈਬਰ ਅਪਰਾਧੀ ਇੰਟਰਨੈੱਟ ਧੋਖਾਧੜੀ ਕਰਨ ਲਈ ਕਈ ਤਰ੍ਹਾਂ ਦੇ ਹਮਲੇ ਵੈਕਟਰ ਅਤੇ ਰਣਨੀਤੀਆਂ ਦੀ ਵਰਤੋਂ ਕਰਦੇ ਹਨ। ਇਸ ਵਿੱਚ ਮਾਲਵੇਅਰ ਫੈਲਾਉਣ ਲਈ ਖਤਰਨਾਕ ਸੌਫਟਵੇਅਰ, ਈਮੇਲ ਅਤੇ ਤਤਕਾਲ ਮੈਸੇਜਿੰਗ ਸੇਵਾਵਾਂ, ਉਪਭੋਗਤਾ ਡੇਟਾ ਚੋਰੀ ਕਰਨ ਵਾਲੀਆਂ ਧੋਖਾਧੜੀ ਵਾਲੀਆਂ ਵੈਬਸਾਈਟਾਂ ਅਤੇ ਵਿਸਤ੍ਰਿਤ ਵਿਆਪਕ-ਪਹੁੰਚਣ ਵਾਲੇ ਫਿਸ਼ਿੰਗ ਘੁਟਾਲੇ ਸ਼ਾਮਲ ਹਨ। ਇੰਟਰਨੈੱਟ ਧੋਖਾਧੜੀ ਨੂੰ ਕਈ ਮੁੱਖ ਕਿਸਮ ਦੇ ਹਮਲਿਆਂ ਵਿੱਚ ਵੰਡਿਆ ਜਾ ਸਕਦਾ ਹੈ ਜਿਵੇਂ ਨਿੱਜੀ ਡੇਟਾ, ਲੌਗਇਨ ਪ੍ਰਮਾਣ ਪੱਤਰ ਅਤੇ ਵਿੱਤੀ ਵੇਰਵਿਆਂ ਨੂੰ ਸਾਂਝਾ ਕਰਨ ਵਿੱਚ ਪੀੜਤਾਂ ਨੂੰ ਧੋਖਾ ਦੇਣ ਲਈ ਈਮੇਲ ਅਤੇ ਔਨਲਾਈਨ ਮੈਸੇਜਿੰਗ ਸੇਵਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇੱਕ ਸੁਰੱਖਿਅਤ ਸਥਾਨ ਤੋਂ ਗੁਪਤ, ਸੁਰੱਖਿਅਤ ਜਾਂ ਸੰਵੇਦਨਸ਼ੀਲ ਡੇਟਾ ਨੂੰ ਚੋਰੀ ਕਰਨਾ ਅਤੇ ਇਸਨੂੰ ਇੱਕ ਅਵਿਸ਼ਵਾਸਯੋਗ ਵਾਤਾਵਰਣ ਵਿੱਚ ਲਿਜਾਣਾ। ਇਸ ਵਿੱਚ ਉਪਭੋਗਤਾਵਾਂ ਅਤੇ ਸੰਸਥਾਵਾਂ ਤੋਂ ਚੋਰੀ ਕੀਤਾ ਜਾ ਰਿਹਾ ਡੇਟਾ ਸ਼ਾਮਲ ਹੈ। ਕਿਸੇ ਔਨਲਾਈਨ ਸੇਵਾ, ਸਿਸਟਮ, ਜਾਂ ਨੈਟਵਰਕ ਤੱਕ ਟਰੈਫਿਕ ਦੀ ਪਹੁੰਚ ਵਿੱਚ ਵਿਘਨ ਪਾਉਣਾ ਖਤਰਨਾਕ ਇਰਾਦੇ ਦਾ ਕਾਰਨ ਬਣਨਾ ਵੀ ਸ਼ਾਮਿਲ ਹੈ। ਉਪਭੋਗਤਾਵਾਂ ਦੀਆਂ ਡਿਵਾਈਸਾਂ ਨੂੰ ਨੁਕਸਾਨ ਜਾਂ ਅਯੋਗ ਕਰਨ ਜਾਂ ਨਿੱਜੀ ਅਤੇ ਸੰਵੇਦਨਸ਼ੀਲ ਡੇਟਾ ਚੋਰੀ ਕਰਨ ਲਈ ਖਤਰਨਾਕ ਸੌਫਟਵੇਅਰ ਦੀ ਵਰਤੋਂ ਕੀਤੀ ਜਾਂਦੀ ਹੈ। ਇੱਕ ਕਿਸਮ ਦਾ ਮਾਲਵੇਅਰ ਜੋ ਉਪਭੋਗਤਾਵਾਂ ਨੂੰ ਨਾਜ਼ੁਕ ਡੇਟਾ ਤੱਕ ਪਹੁੰਚ ਕਰਨ ਤੋਂ ਰੋਕਦਾ ਹੈ ਅਤੇ ਫਿਰ ਪਹੁੰਚ ਨੂੰ ਬਹਾਲ ਕਰਨ ਦੇ ਵਾਅਦੇ ਵਿੱਚ ਭੁਗਤਾਨ ਦੀ ਮੰਗ ਕਰਦਾ ਹੈ। ਉਹਨਾਂ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਲੇ ਦਾ ਇੱਕ ਵਧੀਆ ਰੂਪ ਜੋ ਅਕਸਰ ਵਾਇਰ ਭੁਗਤਾਨ ਕਰਦੇ ਹਨ। ਇਹ ਅਣਅਧਿਕਾਰਤ ਭੁਗਤਾਨ ਜਮ੍ਹਾਂ ਕਰਨ ਲਈ ਸੋਸ਼ਲ ਇੰਜਨੀਅਰਿੰਗ ਤਕਨੀਕਾਂ ਰਾਹੀਂ ਜਾਇਜ਼ ਈਮੇਲ ਖਾਤਿਆਂ ਨਾਲ ਸਮਝੌਤਾ ਕਰਦਾ ਹੈ। ਹੈਕਰਾਂ ਦੀਆਂ ਇੰਟਰਨੈਟ ਧੋਖਾਧੜੀ ਦੀਆਂ ਕੋਸ਼ਿਸ਼ਾਂ ਤੋਂ ਬਚਣ ਲਈ, ਉਪਭੋਗਤਾਵਾਂ ਨੂੰ ਇੰਟਰਨੈਟ ਧੋਖਾਧੜੀ ਅਤੇ ਚਾਲਾਂ ਦੀਆਂ ਆਮ ਉਦਾਹਰਣਾਂ ਨੂੰ ਸਮਝਣ ਦੀ ਲੋੜ ਹੈ। ਈਮੇਲ-ਅਧਾਰਿਤ ਫਿਸ਼ਿੰਗ ਘੁਟਾਲੇ ਇੰਟਰਨੈੱਟ ਧੋਖਾਧੜੀ ਦੀਆਂ ਸਭ ਤੋਂ ਪ੍ਰਚਲਿਤ ਕਿਸਮਾਂ ਵਿੱਚੋਂ ਹਨ ਜੋ ਇੰਟਰਨੈਟ ਉਪਭੋਗਤਾਵਾਂ ਅਤੇ ਕਾਰੋਬਾਰਾਂ ਲਈ ਗੰਭੀਰ ਖਤਰਾ ਬਣਦੇ ਰਹਿੰਦੇ ਹਨ।

ਈਮੇਲ-ਆਧਾਰਿਤ ਫਿਸ਼ਿੰਗ ਘੁਟਾਲੇ ਲਗਾਤਾਰ ਵਿਕਸਤ ਹੋ ਰਹੇ ਹਨ ਅਤੇ ਸਧਾਰਨ ਹਮਲਿਆਂ ਤੋਂ ਲੈ ਕੇ ਵਧੇਰੇ ਗੁੰਝਲਦਾਰ ਅਤੇ ਗੁੰਝਲਦਾਰ ਖਤਰਿਆਂ ਤੱਕ ਹੁੰਦੇ ਹਨ ਜੋ ਖਾਸ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਈਮੇਲ ਫਿਸ਼ਿੰਗ ਘੁਟਾਲੇ ਸਾਈਬਰ ਅਪਰਾਧੀਆਂ ਨੂੰ ਇੱਕ ਅਜਿਹੇ ਵਿਅਕਤੀ ਦੇ ਰੂਪ ਵਿੱਚ ਮਖੌਟਾ ਕਰਦੇ ਹੋਏ ਦੇਖਦੇ ਹਨ ਜਿਸਨੂੰ ਉਹਨਾਂ ਦਾ ਪੀੜਤ ਜਾਂ ਤਾਂ ਜਾਣਦਾ ਹੈ ਜਾਂ ਉਸਨੂੰ ਪ੍ਰਤਿਸ਼ਠਾਵਾਨ ਸਮਝਦਾ ਹੈ। ਹਮਲੇ ਦਾ ਉਦੇਸ਼ ਲੋਕਾਂ ਨੂੰ ਕਿਸੇ ਅਜਿਹੇ ਲਿੰਕ 'ਤੇ ਕਲਿੱਕ ਕਰਨ ਲਈ ਉਤਸ਼ਾਹਿਤ ਕਰਨਾ ਹੈ ਜੋ ਕਿਸੇ ਜਾਇਜ਼ ਵੈੱਬਸਾਈਟ ਵਰਗੀ ਦਿਖਣ ਲਈ ਤਿਆਰ ਕੀਤੀ ਗਈ ਖਤਰਨਾਕ ਜਾਂ ਧੋਖਾਧੜੀ ਵਾਲੀ ਵੈੱਬਸਾਈਟ ਵੱਲ ਲੈ ਜਾਂਦਾ ਹੈ ਜਾਂ ਇੱਕ ਅਟੈਚਮੈਂਟ ਖੋਲ੍ਹਦਾ ਹੈ ਜਿਸ ਵਿੱਚ ਖਤਰਨਾਕ ਸਮੱਗਰੀ ਹੁੰਦੀ ਹੈ। ਹੈਕਰ ਪਹਿਲਾਂ ਕਿਸੇ ਜਾਇਜ਼ ਵੈੱਬਸਾਈਟ ਨਾਲ ਸਮਝੌਤਾ ਕਰਦਾ ਹੈ ਜਾਂ ਜਾਅਲੀ ਵੈੱਬਸਾਈਟ ਬਣਾਉਂਦਾ ਹੈ। ਫਿਰ ਉਹ ਇੱਕ ਈਮੇਲ ਸੰਦੇਸ਼ ਨੂੰ ਨਿਸ਼ਾਨਾ ਬਣਾਉਣ ਅਤੇ ਵੰਡਣ ਲਈ ਈਮੇਲ ਪਤਿਆਂ ਦੀ ਇੱਕ ਸੂਚੀ ਪ੍ਰਾਪਤ ਕਰਦੇ ਹਨ ਜਿਸਦਾ ਉਦੇਸ਼ ਲੋਕਾਂ ਨੂੰ ਉਸ ਵੈਬਸਾਈਟ ਦੇ ਲਿੰਕ 'ਤੇ ਕਲਿੱਕ ਕਰਨ ਲਈ ਧੋਖਾ ਦੇਣਾ ਹੈ। ਜਦੋਂ ਕੋਈ ਪੀੜਤ ਲਿੰਕ 'ਤੇ ਕਲਿੱਕ ਕਰਦਾ ਹੈ ਤਾਂ ਉਨ੍ਹਾਂ ਨੂੰ ਧੋਖਾਧੜੀ ਵਾਲੀ ਵੈੱਬਸਾਈਟ 'ਤੇ ਲਿਜਾਇਆ ਜਾਂਦਾ ਹੈ, ਜੋ ਜਾਂ ਤਾਂ ਉਪਭੋਗਤਾ ਨਾਮ ਅਤੇ ਪਾਸਵਰਡ ਦੀ ਬੇਨਤੀ ਕਰੇਗੀ ਜਾਂ ਆਪਣੇ ਆਪ ਹੀ ਉਨ੍ਹਾਂ ਦੇ ਡਿਵਾਈਸ 'ਤੇ ਮਾਲਵੇਅਰ ਡਾਊਨਲੋਡ ਕਰੇਗੀ, ਜੋ ਡੇਟਾ ਅਤੇ ਲੌਗਇਨ ਕ੍ਰੇਡੈਂਸ਼ੀਅਲ ਜਾਣਕਾਰੀ ਚੋਰੀ ਕਰੇਗਾ। ਹੈਕਰ ਇਸ ਡੇਟਾ ਦੀ ਵਰਤੋਂ ਉਪਭੋਗਤਾ ਦੇ ਔਨਲਾਈਨ ਖਾਤਿਆਂ ਤੱਕ ਪਹੁੰਚ ਕਰਨ, ਕ੍ਰੈਡਿਟ ਕਾਰਡ ਦੇ ਵੇਰਵਿਆਂ ਵਰਗੇ ਹੋਰ ਡੇਟਾ ਨੂੰ ਚੋਰੀ ਕਰਨ, ਡਿਵਾਈਸ ਨਾਲ ਜੁੜੇ ਕਾਰਪੋਰੇਟ ਨੈਟਵਰਕ ਤੱਕ ਪਹੁੰਚ ਕਰਨ, ਜਾਂ ਵਿਆਪਕ ਪਛਾਣ ਧੋਖਾਧੜੀ ਕਰਨ ਲਈ ਕਰ ਸਕਦਾ ਹੈ। ਈਮੇਲ ਫਿਸ਼ਿੰਗ ਘੁਟਾਲੇ ਦੇ ਹਮਲਾਵਰ ਅਕਸਰ ਉਨ੍ਹਾਂ ਦੇ ਪੀੜਤਾਂ ਤੋਂ ਤੁਰੰਤ ਲੋੜ ਨੂੰ ਪ੍ਰਗਟ ਕਰਨਗੇ। ਇਸ ਵਿੱਚ ਉਹਨਾਂ ਨੂੰ ਇਹ ਦੱਸਣਾ ਸ਼ਾਮਲ ਹੈ ਕਿ ਉਹਨਾਂ ਦਾ ਔਨਲਾਈਨ ਖਾਤਾ ਜਾਂ ਕ੍ਰੈਡਿਟ ਕਾਰਡ ਖਤਰੇ ਵਿੱਚ ਹੈ ਅਤੇ ਉਹਨਾਂ ਨੂੰ ਇਸ ਮੁੱਦੇ ਨੂੰ ਠੀਕ ਕਰਨ ਲਈ ਤੁਰੰਤ ਲੌਗ ਇਨ ਕਰਨ ਦੀ ਲੋੜ ਹੈ। ਕ੍ਰੈਡਿਟ ਕਾਰਡ ਧੋਖਾਧੜੀ ਆਮ ਤੌਰ 'ਤੇ ਉਦੋਂ ਵਾਪਰਦੀ ਹੈ ਜਦੋਂ ਹੈਕਰ ਪੈਸੇ ਚੋਰੀ ਕਰਨ ਜਾਂ ਖਰੀਦਦਾਰੀ ਕਰਨ ਦੀ ਕੋਸ਼ਿਸ਼ ਵਿੱਚ ਲੋਕਾਂ ਦੇ ਕ੍ਰੈਡਿਟ ਜਾਂ ਡੈਬਿਟ ਕਾਰਡ ਦੇ ਵੇਰਵਿਆਂ ਨੂੰ ਧੋਖੇ ਨਾਲ ਹਾਸਲ ਕਰਦੇ ਹਨ। ਇਹਨਾਂ ਵੇਰਵਿਆਂ ਨੂੰ ਪ੍ਰਾਪਤ ਕਰਨ ਲਈ ਇੰਟਰਨੈਟ ਧੋਖਾਧੜੀ ਕਰਨ ਵਾਲੇ ਅਕਸਰ ਪੀੜਤਾਂ ਨੂੰ ਲੁਭਾਉਣ ਲਈ ਬਹੁਤ ਵਧੀਆ-ਤੋਂ-ਸੱਚੇ ਕ੍ਰੈਡਿਟ ਕਾਰਡ ਜਾਂ ਬੈਂਕ ਲੋਨ ਸੌਦਿਆਂ ਦੀ ਵਰਤੋਂ ਕਰਦੇ ਹਨ। ਉਦਾਹਰਨ ਲਈ, ਇੱਕ ਪੀੜਤ ਨੂੰ ਉਹਨਾਂ ਦੇ ਬੈਂਕ ਤੋਂ ਇੱਕ ਸੁਨੇਹਾ ਪ੍ਰਾਪਤ ਹੋ ਸਕਦਾ ਹੈ ਜਿਸ ਵਿੱਚ ਉਹਨਾਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਇੱਕ ਵਿਸ਼ੇਸ਼ ਕਰਜ਼ੇ ਦੇ ਸੌਦੇ ਲਈ ਯੋਗ ਹਨ ਜਾਂ ਉਹਨਾਂ ਨੂੰ ਕਰਜ਼ੇ ਦੇ ਰੂਪ ਵਿੱਚ ਬਹੁਤ ਸਾਰੀ ਰਕਮ ਉਪਲਬਧ ਕਰਵਾਈ ਗਈ ਹੈ। ਇਹ ਘੁਟਾਲੇ ਵਿਆਪਕ ਜਾਗਰੂਕਤਾ ਦੇ ਬਾਵਜੂਦ ਲੋਕਾਂ ਨੂੰ ਧੋਖਾ ਦਿੰਦੇ ਰਹਿੰਦੇ ਹਨ ਕਿ ਅਜਿਹੀਆਂ ਪੇਸ਼ਕਸ਼ਾਂ ਕਿਸੇ ਕਾਰਨ ਕਰਕੇ ਸਹੀ ਹੋਣ ਲਈ ਬਹੁਤ ਵਧੀਆ ਹਨ।

ਇੰਟਰਨੈੱਟ ਧੋਖਾਧੜੀ ਦੀ ਇੱਕ ਹੋਰ ਆਮ ਉਦਾਹਰਣ ਔਨਲਾਈਨ ਡੇਟਿੰਗ ਐਪਲੀਕੇਸ਼ਨਾਂ ਅਤੇ ਵੈਬਸਾਈਟਾਂ ਦੀ ਬਹੁਤਾਤ ਨੂੰ ਨਿਸ਼ਾਨਾ ਬਣਾਉਂਦੀ ਹੈ। ਹੈਕਰ ਪੀੜਤਾਂ ਨੂੰ ਪੈਸੇ ਭੇਜਣ ਅਤੇ ਨਿੱਜੀ ਡੇਟਾ ਨੂੰ ਨਵੇਂ ਪਿਆਰ ਹਿੱਤਾਂ ਨਾਲ ਸਾਂਝਾ ਕਰਨ ਲਈ ਲੁਭਾਉਣ ਲਈ ਇਹਨਾਂ ਐਪਾਂ 'ਤੇ ਧਿਆਨ ਕੇਂਦ੍ਰਤ ਕਰਦੇ ਹਨ। ਘੁਟਾਲੇਬਾਜ਼ ਆਮ ਤੌਰ 'ਤੇ ਉਪਭੋਗਤਾਵਾਂ ਨਾਲ ਗੱਲਬਾਤ ਕਰਨ, ਇੱਕ ਰਿਸ਼ਤਾ ਵਿਕਸਿਤ ਕਰਨ, ਹੌਲੀ-ਹੌਲੀ ਉਨ੍ਹਾਂ ਦਾ ਭਰੋਸਾ ਬਣਾਉਣ, ਇੱਕ ਝੂਠੀ ਕਹਾਣੀ ਬਣਾਉਣ ਅਤੇ ਉਪਭੋਗਤਾ ਨੂੰ ਵਿੱਤੀ ਮਦਦ ਲਈ ਪੁੱਛਣ ਲਈ ਜਾਅਲੀ ਪ੍ਰੋਫਾਈਲ ਬਣਾਉਂਦੇ ਹਨ। ਇੰਟਰਨੈੱਟ ਧੋਖਾਧੜੀ ਦਾ ਇੱਕ ਹੋਰ ਆਮ ਰੂਪ ਈਮੇਲ ਘੁਟਾਲੇ ਹਨ ਜੋ ਪੀੜਤਾਂ ਨੂੰ ਦੱਸਦੇ ਹਨ ਕਿ ਉਨ੍ਹਾਂ ਨੇ ਲਾਟਰੀ ਜਿੱਤੀ ਹੈ। ਇਹ ਘੁਟਾਲੇ ਪ੍ਰਾਪਤਕਰਤਾਵਾਂ ਨੂੰ ਸੂਚਿਤ ਕਰਨਗੇ ਕਿ ਉਹ ਇੱਕ ਛੋਟੀ ਜਿਹੀ ਫੀਸ ਦਾ ਭੁਗਤਾਨ ਕਰਨ ਤੋਂ ਬਾਅਦ ਹੀ ਆਪਣੇ ਇਨਾਮ ਦਾ ਦਾਅਵਾ ਕਰ ਸਕਦੇ ਹਨ। ਲਾਟਰੀ ਫੀਸ ਧੋਖਾਧੜੀ ਕਰਨ ਵਾਲੇ ਆਮ ਤੌਰ 'ਤੇ ਈਮੇਲਾਂ ਨੂੰ ਦੇਖਣ ਅਤੇ ਭਰੋਸੇਯੋਗ ਹੋਣ ਲਈ ਤਿਆਰ ਕਰਦੇ ਹਨ ਜਿਸ ਦੇ ਨਤੀਜੇ ਵਜੋਂ ਅਜੇ ਵੀ ਬਹੁਤ ਸਾਰੇ ਲੋਕ ਘੁਟਾਲੇ ਦੇ ਸ਼ਿਕਾਰ ਹੁੰਦੇ ਹਨ। ਇਹ ਘੁਟਾਲਾ ਲੋਕਾਂ ਦੇ ਵੱਡੀ ਮਾਤਰਾ ਵਿੱਚ ਪੈਸਾ ਜਿੱਤਣ ਦੇ ਸੁਪਨਿਆਂ ਨੂੰ ਨਿਸ਼ਾਨਾ ਬਣਾਉਂਦਾ ਹੈ, ਭਾਵੇਂ ਉਹਨਾਂ ਨੇ ਕਦੇ ਲਾਟਰੀ ਟਿਕਟ ਨਹੀਂ ਖਰੀਦੀ ਹੋਵੇ। ਇਸ ਤੋਂ ਇਲਾਵਾ, ਕੋਈ ਵੀ ਜਾਇਜ਼ ਲਾਟਰੀ ਸਕੀਮ ਜੇਤੂਆਂ ਨੂੰ ਆਪਣੇ ਇਨਾਮ ਦਾ ਦਾਅਵਾ ਕਰਨ ਲਈ ਭੁਗਤਾਨ ਕਰਨ ਲਈ ਨਹੀਂ ਕਹੇਗੀ। ਇੰਟਰਨੈੱਟ ਵਰਤੋਂਕਾਰ ਉਪਰੋਕਤ ਸੂਚੀਬੱਧ ਇੰਟਰਨੈੱਟ ਧੋਖਾਧੜੀ ਦੀਆਂ ਆਮ ਕਿਸਮਾਂ ਤੋਂ ਸੁਚੇਤ ਰਹਿ ਕੇ ਆਪਣੀ ਰੱਖਿਆ ਕਰ ਸਕਦੇ ਹਨ ਅਤੇ ਫਿਸ਼ਿੰਗ ਲਾਈਨ ਵਿੱਚ ਫਸਣ ਤੋਂ ਬਚ ਸਕਦੇ ਹਨ। ਇਹ ਜ਼ਰੂਰੀ ਹੈ ਕਿ ਕਦੇ ਵੀ ਇੰਟਰਨੈੱਟ 'ਤੇ ਮਿਲੇ ਕਿਸੇ ਵਿਅਕਤੀ ਨੂੰ ਪੈਸੇ ਨਾ ਭੇਜੋ। ਕਦੇ ਵੀ ਉਨ੍ਹਾਂ ਵਿਅਕਤੀਆਂ ਨਾਲ ਨਿੱਜੀ ਜਾਂ ਵਿੱਤੀ ਵੇਰਵੇ ਸਾਂਝੇ ਨਾ ਕਰੋ ਜੋ ਜਾਇਜ਼ ਜਾਂ ਭਰੋਸੇਯੋਗ ਨਹੀਂ ਹਨ ਅਤੇ ਕਦੇ ਵੀ ਈਮੇਲਾਂ ਜਾਂ ਤਤਕਾਲ ਸੰਦੇਸ਼ਾਂ ਵਿੱਚ ਹਾਈਪਰਲਿੰਕਸ ਜਾਂ ਅਟੈਚਮੈਂਟਾਂ 'ਤੇ ਕਲਿੱਕ ਨਾ ਕਰੋ। ਇੱਕ ਵਾਰ ਨਿਸ਼ਾਨਾ ਬਣਾਏ ਜਾਣ 'ਤੇ ਇੰਟਰਨੈਟ ਉਪਭੋਗਤਾਵਾਂ ਨੂੰ ਅਧਿਕਾਰੀਆਂ ਨੂੰ ਔਨਲਾਈਨ ਧਪਲੇਬਾਜ਼ ਗਤੀਵਿਧੀ ਅਤੇ ਫਿਸ਼ਿੰਗ ਈਮੇਲਾਂ ਦੀ ਰਿਪੋਰਟ ਕਰਨੀ ਚਾਹੀਦੀ ਹੈ।

ਬੈਂਕ ਖਾਤਿਆਂ 'ਤੇ ਨੇੜਿਓਂ ਨਜ਼ਰ ਰੱਖਣ, ਕ੍ਰੈਡਿਟ ਕਾਰਡ ਦੀ ਗਤੀਵਿਧੀ 'ਤੇ ਸੂਚਨਾਵਾਂ ਸਥਾਪਤ ਕਰਨ, ਕ੍ਰੈਡਿਟ ਨਿਗਰਾਨੀ ਲਈ ਸਾਈਨ ਅੱਪ ਕਰਨ ਅਤੇ ਉਪਭੋਗਤਾ ਸੁਰੱਖਿਆ ਸੇਵਾਵਾਂ ਦੀ ਵਰਤੋਂ ਕਰਕੇ ਵੀ ਕ੍ਰੈਡਿਟ ਕਾਰਡ ਧੋਖਾਧੜੀ ਤੋਂ ਬਚਿਆ ਜਾ ਸਕਦਾ ਹੈ। ਜੇਕਰ ਉਪਭੋਗਤਾ ਕ੍ਰੈਡਿਟ ਕਾਰਡ ਧੋਖਾਧੜੀ ਦਾ ਸ਼ਿਕਾਰ ਹੁੰਦੇ ਹਨ, ਤਾਂ ਉਹਨਾਂ ਨੂੰ ਇਸਦੀ ਸੂਚਨਾ ਸਬੰਧਤ ਕਾਨੂੰਨੀ ਅਥਾਰਟੀਆਂ ਅਤੇ ਕ੍ਰੈਡਿਟ ਬਿਊਰੋ ਨੂੰ ਦੇਣੀ ਚਾਹੀਦੀ ਹੈ।

ਲੇਖਕ
ਦਿਨੇਸ਼ ਦਮਾਥੀਆ
94177-14390

# ਕਾਮਯਾਬੀ ਲਈ ਸਬਰ ਤੇ ਸੋਚ ਬਣਦੇ ਹਨ ਸਾਥੀ

ਇਨਸਾਨ ਕਾਮਯਾਬ ਹੋਣ ਲਈ ਅਣਥੱਕ ਮਿਹਨਤ ਕਰਦਾ ਹੈ। ਮਿਹਨਤ ਦੇ ਸਮੇਂ ਚੰਗੇ- ਮਾੜੇ, ਉੱਚੇ-ਨੀਵੇਂ, ਥੋੜ੍ਹੇ-ਜ਼ਿਆਦਾ ਦੀ ਇਨਸਾਨ ਨੂੰ ਪਰਵਾਹ ਨਹੀਂ ਹੁੰਦੀ। ਆਪਣੀਆਂ ਗ਼ਲਤੀਆਂ ਤੋਂ ਸਿੱਖਦਾ ਹੈ, ਗ਼ਲਤੀਆਂ ਨੂੰ ਸੁਧਾਰਦਾ ਹੈ, ਸ਼ਰਮ ਜਾਂ ਹੀਣਭਾਵਨਾ ਦਿਮਾਗ਼ ਵਿੱਚ ਹੀ ਨਹੀਂ ਹੁੰਦੀ ਪਰ ਜਦੋਂ ਸ਼ਖ਼ਸ ਕਾਮਯਾਬ ਇਨਸਾਨ ਬਣ ਜਾਂਦਾ ਹੈ ਤਾਂ ਉਸ ਦਾ ਇਮਤਿਹਾਨ ਸ਼ੁਰੂ ਹੋ ਜਾਂਦਾ ਹੈ।



ਇਨਸਾਨ ਕਾਮਯਾਬ ਹੋਣ ਲਈ ਅਣਥੱਕ ਮਿਹਨਤ ਕਰਦਾ ਹੈ। ਮਿਹਨਤ ਦੇ ਸਮੇਂ ਚੰਗੇ- ਮਾੜੇ, ਉੱਚੇ-ਨੀਵੇਂ, ਥੋੜ੍ਹੇ-ਜ਼ਿਆਦਾ ਦੀ ਪਰਵਾਹ ਨਹੀਂ ਹੁੰਦੀ ਉਸ ਨੂੰ। ਆਪਣੀਆਂ ਗ਼ਲਤੀਆਂ ਤੋਂ ਸਿੱਖਦਾ ਹੈ, ਗ਼ਲਤੀਆਂ ਨੂੰ ਸੁਧਾਰਦਾ ਹੈ, ਸ਼ਰਮ ਜਾਂ ਹੀਣਭਾਵਨਾ ਦਿਮਾਗ਼ ਵਿੱਚ ਹੀ ਨਹੀਂ ਹੁੰਦੀ ਪਰ ਜਦੋਂ ਸ਼ਖ਼ਸ ਕਾਮਯਾਬ ਇਨਸਾਨ ਬਣ ਜਾਂਦਾ ਹੈ ਤਾਂ ਉਸ ਦਾ ਇਮਤਿਹਾਨ ਸ਼ੁਰੂ ਹੋ ਜਾਂਦਾ ਹੈ। ਇਮਤਿਹਾਨ ਹੁੰਦਾ ਹੈ ਪਾਸ ਜਾਂ ਫ਼ੇਲ੍ਹ ਹੋਣ ਦਾ।

ਕਾਮਯਾਬੀ ਜ਼ਿੰਦਗੀ ਦਾ ਉਹ ਸਿਖ਼ਰ ਹੁੰਦੀ ਹੈ ਜਿਸ ਤੋਂ ਤੁਹਾਡੇ ਵਿਰੋਧੀ ਤੁਹਾਨੂੰ ਥੱਲੇ ਸੁੱਟ ਕੇ ਖ਼ੁਦ ਉਹ ਸਿਖ਼ਰ ਹਾਸਲ ਕਰਨਾ ਚਾਹੁੰਦੇ ਹਨ, ਕਿਉਂਕਿ ਉਸ ਸਿਖ਼ਰ 'ਤੇ ਪਹੁੰਚਣ ਦਾ ਰਸਤਾ ਤੁਸੀਂ ਬਣਾ ਚੁੱਕੇ ਹੁੰਦੇ ਹੋ, ਉਨ੍ਹਾਂ ਤਾਂ ਬਸ ਪੈਂਡਾ ਤੈਅ ਕਰਨਾ ਹੁੰਦਾ ਹੈ। ਕਾਮਯਾਬੀ ਦੇ ਇਮਤਿਹਾਨ 'ਚ ਪਾਸ ਹੋਣ ਲਈ ਸਬਰ ਅਤੇ ਸੋਚ ਤੁਹਾਡੇ ਸਾਥੀ ਬਣਦੇ ਹਨ।

ਕਾਮਯਾਬੀ ਦੇ ਇਮਤਿਹਾਨ ਵਿੱਚ ਫ਼ੇਲ੍ਹ ਹੋਣ ਲਈ ਹੰਕਾਰ ਅਤੇ ਹਵਸ ਤੁਹਾਡੇ ਸਾਥੀ ਬਣਦੇ ਹਨ। ਫ਼ੈਸਲਾ ਹਮੇਸ਼ਾ ਕਾਮਯਾਬ ਇਨਸਾਨ ਦੇ ਹੱਥ ਵਿੱਚ ਹੁੰਦਾ ਹੈ ਕਿ ਉਸ ਨੇ ਕਿਸ ਨੂੰ ਆਪਣਾ ਸਾਥੀ ਬਣਾਉਣਾ ਹੈ? ਸਬਰ ਅਤੇ ਸੋਚ ਨੂੰ ਜਾਂ ਹੰਕਾਰ ਅਤੇ ਹਵਸ ਨੂੰ। ਕਾਮਯਾਬੀ ਮਿਲਦੀ ਹਰ ਸ਼ਖ਼ਸ ਨੂੰ ਹੈ ਆਪਣੀ ਜ਼ਿੰਦਗੀ ਵਿੱਚ ਪਰ ਉਸ ਕਾਮਯਾਬੀ ਦੇ ਸਿਖ਼ਰ 'ਤੇ ਹਰ ਕੋਈ ਪੈਰ ਨਹੀਂ ਪਾਉਂਦਾ ਕਿਉਂਕਿ ਕਾਮਯਾਬ ਹੋ ਕੇ ਹਰ ਕੋਈ ਪਾਸ ਨਹੀਂ ਹੁੰਦਾ। ਜੋ ਪਾਸ ਹੋ ਜਾਂਦਾ ਹੈ ਉਹ ਹੀ ਕਾਮਯਾਬ ਇਨਸਾਨ ਕਹਾਉਂਦਾ ਹੈ, ਨਹੀਂ ਤਾਂ ਕਿਹਾ ਜਾਂਦਾ ਹੈ ਕਿ ਉਹ ਇੱਕ ਕਾਮਯਾਬ ਇਨਸਾਨ ਸੀ ਪਰ ਹੁਣ? ਕਾਮਯਾਬ ਹੋਣਾ ਅਤੇ ਕਾਮਯਾਬ ਸੀ ਇਹ ਦੋ ਲਫ਼ਜ਼ਾਂ ਦੇ ਮਾਅਨੇ ਬਦਲ ਦਿੰਦੀ ਹੈ ਕਾਮਯਾਬੀ।

ਕਾਮਯਾਬੀ ਦੇ ਇਮਤਿਹਾਨ ਵਿੱਚ ਫ਼ੇਲ੍ਹ ਤੁਸੀਂ ਉਦੋਂ ਹੋ ਜਾਂਦੇ ਹੋ ਜਦੋਂ ਵਿਰੋਧੀ ਧਿਰ ਨੂੰ ਤੁਹਾਡਾ ਕਾਮਯਾਬੀ ਦਾ ਹੰਕਾਰ ਏਨਾ ਖਟਕਦਾ ਹੈ ਕਿ ਤੁਹਾਨੂੰ ਉਸ ਲਈ ਆਪਣੀ ਜਾਨ ਦੇਣੀ ਪੈਂਦੀ ਹੈ, ਕਾਮਯਾਬੀ ਦੀ ਹਵਸ ਤੁਹਾਨੂੰ ਇੰਨਾ ਜ਼ਿਆਦਾ ਲਾਲਚੀ ਬਣਾ ਦਿੰਦੀ ਹੈ ਕਿ ਤੁਸੀਂ ਹਾਸੇ ਮਜ਼ਾਕ ਦਾ ਇੱਕ ਪਾਤਰ ਬਣ ਕੇ ਰਹਿ ਜਾਂਦੇ ਹੋ। ਕਾਮਯਾਬੀ ਦੇ ਇਮਤਿਹਾਨ ਵਿੱਚ ਤੁਸੀਂ ਜੇ ਪਾਸ ਹੋਣਾ ਹੈ ਤਾਂ ਸਬਰ ਨਾਲ ਸਭ ਕੁਝ ਸੰਭਾਲਣਾ ਪੈਂਦਾ ਹੈ ਅਤੇ ਜ਼ਿੰਦਗੀ ਦੇ ਹਰ ਉਤਰਾਅ-ਚੜ੍ਹਾਅ ਬਾਰੇ ਸੰਜੀਦਗੀ ਨਾਲ ਸੋਚਣਾ ਪੈਂਦਾ ਹੈ। ਕਾਮਯਾਬੀ ਦੇ ਸਿਖ਼ਰ ਤੋਂ ਡਿੱਗਿਆ ਇਨਸਾਨ ਜਾਂ ਤਾਂ ਬਿਲਕੁਲ ਟੁੱਟ ਜਾਂਦਾ ਹੈ ਜਾਂ ਦੁਬਾਰਾ ਸਿਖ਼ਰ 'ਤੇ ਪਹੁੰਚਣ ਤੱਕ ਮੁੱਕ ਜਾਂਦਾ ਹੈ। ਕਾਮਯਾਬੀ ਪਾਉਣੀ ਜਿੰਨੀ ਔਖੀ ਹੁੰਦੀ ਹੈ ਉਸ ਨਾਲੋਂ ਵੀ ਜ਼ਿਆਦਾ ਕਾਮਯਾਬੀ ਸੰਭਾਲਣੀ ਮੁਸ਼ਕਿਲ ਹੁੰਦੀ ਹੈ। ਕਾਮਯਾਬ ਇਨਸਾਨ ਦੀ ਜ਼ਿੰਦਗੀ ਵਿੱਚ ਗ਼ਲਤੀ ਦੀ ਗੁੰਜਾਇਸ਼ ਖ਼ਤਮ ਹੋ ਜਾਣੀ ਚਾਹੀਦੀ ਹੈ।

— ਰਜ਼ਪਿੰਦਰ ਕੌਰ ਗਿੱਲ



# ਅਲਸੀ
## ਛੋਟੇ ਬੀਜਾਂ ਦੇ ਵੱਡੇ ਫਾਇਦੇ

ਅਲਸੀ ਦੇ ਬੀਜ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਇਨ੍ਹਾਂ ਛੋਟੇ ਬੀਜਾਂ 'ਚ ਕਈ ਵੱਡੇ ਫਾਇਦੇ ਛੁਪੇ ਹੋਏ ਹਨ। ਇਨ੍ਹਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਵਰਤਿਆ ਜਾ ਸਕਦਾ ਹੈ। ਅਲਸੀ ਦਾ ਸਹੀ ਮਾਤਰਾ 'ਚ ਸੇਵਨ ਕਰਨ ਨਾਲ ਵਿਅਕਤੀ ਆਪਣੇ ਆਪ ਨੂੰ ਕਈ ਬੀਮਾਰੀਆਂ ਤੋਂ ਦੂਰ ਰੱਖ ਸਕਦਾ ਹੈ, ਕਿਉਂਕਿ ਇਸ 'ਚ ਮੈਗਨੀਜ਼, ਕਾਪਰ, ਪੈਟੀਨ, ਓਮੇਗਾ-3 ਫੈਟੀ ਐਸਿਡ ਅਤੇ ਹੋਰ ਕਈ ਪੋਸ਼ਕ ਤੱਤ ਭਰਪੂਰ ਮਾਤਰਾ 'ਚ ਪਾਏ ਜਾਂਦੇ ਹਨ। ਅਲਸੀ ਵਿਚ ਓਮੇਗਾ-3 ਫੈਟੀ ਐਸਿਡ ਹੁੰਦੇ ਹਨ।

ਜੇਕਰ ਦੇਖਿਆ ਜਾਵੇ ਤਾਂ ਇਸ ਕਿਸਮ ਦਾ ਫੈਟੀ ਐਸਿਡ ਸਿਰਫ਼ ਮਾਸਾਹਾਰੀ ਸਰੋਤਾਂ ਤੋਂ ਹੀ ਮਿਲਦਾ ਹੈ ਪਰ ਸਾਡੇ ਵਿਚੋਂ ਜਿਹੜੇ ਸ਼ਾਕਾਹਾਰੀ ਹਨ, ਉਨ੍ਹਾਂ ਲਈ ਇਹ ਓਮੇਗਾ 3 ਫੈਟੀ ਐਸਿਡ ਦਾ ਸਭ ਤੋਂ ਅਮੀਰ ਸਰੋਤ ਹੈ। ਇਹ ਤੁਹਾਡੇ ਦਿਲ ਦੀ ਰੱਖਿਆ ਕਰਦਾ ਹੈ। ਤੁਹਾਨੂੰ ਕਿਸੇ ਵੀ ਚੀਜ਼ ਵਿਚ ਓਨਾ ਓਮੇਗਾ 3 ਫੈਟੀ ਐਸਿਡ ਨਹੀਂ ਮਿਲੇਗਾ ਜਿੰਨਾ ਤੁਸੀਂ ਅਲਸੀ ਤੋਂ ਲੈ ਸਕਦੇ ਹੋ। ਇਹ ਤੁਹਾਡੇ ਦਿਲ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਦਾ ਹੈ।

ਇਹ ਚੰਗੇ ਕੋਲੈਸਟਰੋਲ ਨੂੰ ਵਧਾਉਂਦਾ ਹੈ। ਅਤੇ ਖਰਾਬ ਕੋਲੈਸਟਰੋਲ ਨੂੰ ਘਟਾਉਂਦਾ ਹੈ। ਅਜਿਹੇ 'ਚ ਨਾਲ ਜੁੜੀਆਂ ਸਮੱਸਿਆਵਾਂ ਵਾਲੇ ਲੋਕਾਂ ਲਈ ਅਲਸੀ ਬਹੁਤ ਫਾਇਦੇਮੰਦ ਹੈ। ਅਲਸੀ ਵਿਚ ਪ੍ਰੋਟੀਨ ਅਤੇ ਅਮੀਨੋ ਐਸਿਡ ਦੀ ਰਚਨਾ ਉੱਚ-ਗੁਣਵੱਤਾ ਦੀ ਹੁੰਦੀ ਹੈ, ਜੋ ਤੁਹਾਨੂੰ ਕਿਸੇ ਹੋਰ ਚੀਜ਼ ਵਿਚ ਨਹੀਂ ਮਿਲੇਗੀ । ਜੇਕਰ ਪਾਇਆ ਵੀ ਜਾਵੇ ਤਾਂ ਇਹ ਘੱਟ ਮਾਤਰਾ ਵਿਚ ਹੋਵੇਗਾ। ਇਸ ਤੋਂ ਇਲਾਵਾ ਅਲਸੀ ਦੀ ਕੈਲੋਰੀ ਕਾਊਂਟ ਬਹੁਤ ਘੱਟ ਹੁੰਦੀ ਹੈ । ਭਾਵ, ਇਹ ਤੁਹਾਨੂੰ ਬਹੁਤ ਘੱਟ ਊਰਜਾ ਦੇਵੇਗਾ।

ਅਲਸੀ ਉਨ੍ਹਾਂ ਲੋਕਾਂ ਲਈ ਬਹੁਤ ਫਾਇਦੇਮੰਦ ਹੈ, ਜਿਨ੍ਹਾਂ ਨੂੰ ਸ਼ੂਗਰ ਹੈ ਅਤੇ ਸ਼ੂਗਰ ਦਾ ਪੱਧਰ ਘੱਟ ਹੈ, ਉਹ ਵੀ ਇਸ ਦਾ ਸੇਵਨ ਕਰ ਸਕਦੇ ਹਨ। ਇਸ ਤੋ ਇਲਾਵਾ ਅਲਸੀ 'ਚ ਕਾਫੀ ਮਾਤਰਾ 'ਚ ਫਾਈਬਰ ਹੁੰਦਾ ਹੈ। ਇਸ ਵਿਚ ਦੋਵੇਂ ਤਰ੍ਹਾਂ ਦੇ ਫਾਈਬਰ ਹੁੰਦੇ ਹਨ, ਜੋ ਪਾਣੀ ਵਿਚ ਘੁਲ ਜਾਂਦੇ ਹਨ। ਇਸ ਲਈ, ਜੇ ਤੁਸੀ ਥੋੜ੍ਹਾ ਜਿਹਾ ਅਲਸੀ ਉਤਪਾਦ ਵੀ ਖਾਂਦੇ ਹੋ, ਤਾਂ ਤੁਹਾਨੂੰ ਲੰਬੇ ਸਮੇਂ ਲਈ ਭੁੱਖ ਨਹੀਂ ਲੱਗੇਗੀ। ਇਸ ਤੋਂ ਇਲਾਵਾ ਇਹ ਤੁਹਾਡੀ ਪਾਚਨ ਕਿਰਿਆ ਨੂੰ ਵੀ ਠੀਕ ਰੱਖੇਗਾ।

**ਸੇਵਨ ਕਿਵੇਂ ਕਰੀਏ** : ਅਲਸੀ ਦਾ ਸੇਵਨ ਕਰਨ ਦੇ ਬਾਰੇ 'ਚ ਖ਼ੁਰਾਕ ਵਿਗਿਆਨੀ ਕਹਿੰਦੇ ਹਨ ਕਿ ਆਮ ਤੌਰ 'ਤੇ ਅਸੀ ਅਲਸੀ ਨੂੰ ਥੋੜ੍ਹਾ ਜਿਹਾ ਵ?ਰਾਈ ਕਰਦੇ ਹਾਂ ਅਤੇ ਫਿਰ ਇਸ ਖਾਂਦੇ ਹਾਂ। ।ਭੁੰਨਣ ਤੋਂ ਬਾਅਦ ਜਦੋਂ ਅਸੀਂ ਇਸ ਨੂੰ ਥੋੜ੍ਹਾ ਜਿਹਾ ਚਬਾ ਲੈਂਦੇ ਹਾਂ ਤਾਂ ਸਾਡੇ ਮੂੰਹ ਵਿਚ ਇਕ ਅਜੀਬ ਜਿਹਾ ਚਿਪਚਿਪਾ ਪਦਾਰਥ ਆਉਣ ਲੱਗਦਾ ਹੈ, ਜਿਸ ਕਾਰਨ ਅਸੀ ਇਸ ਨੂੰ ਜ਼ਿਆਦਾ ਚਬਾ ਨਹੀਂ ਸਕਦੇ। ਇਸ ਦੇ ਲਈ ਕਿਹਾ ਜਾਂਦਾ ਹੈ ਕਿ ਇਸ ਨੂੰ ਭੁੰਨਣ ਤੋਂ ਬਾਅਦ ਇਸ ਦਾ ਪਾਊਡਰ ਬਣਾ ਲਓ ਅਤੇ ਇਕ ਚੱਮਚ ਪਾਊਡਰ ਦਾ ਸੇਵਨ ਕਰੋ, ਜੋ ਕਿ 5 ਤੋਂ 7 ਗ੍ਰਾਮ ਹੋਵੇਗਾ।

ਜੇ ਤੁਸੀਂ ਇਸ ਅਨੁਸਾਰ ਅਜਿਹਾ ਕਰਨ ਦੇ ਯੋਗ ਨਹੀਂ ਹੋ, ਤਾਂ ਅਲਸੀ ਨੂੰ ਪੁੰਗਰਨ ਲਈ ਰੱਖ ਦਿਓ। ਇਸ ਨਾਲ ਇਸ ਦੇ ਗੁਣ ਹੋਰ ਵਧ ਜਾਂਦੇ ਹਨ ।ਪੁੰਗਰਨ ਤੋਂ ਬਾਅਦ ਤੁਸੀਂ ਇਸ ਦੀ ਵਰਤੋਂ ਭੇਲ ਦੇ ਰੂਪ 'ਚ ਵੀ ਕਰ ਸਕਦੇ ਹੋ। ਇਸ ਨੂੰ ਸਲਾਦ ਵਿਚ ਵੀ ਵਰਤ ਕੇ ਖਾਧਾ ਜਾ ਸਕਦਾ ਹੈ।

**ਸਾਨੂੰ ਅਲਸੀ ਦਾ ਕਿੰਨਾ ਸੇਵਨ ਕਰਨਾ ਚਾਹੀਦਾ ਹੈ ?**

ਅਲਸੀ ਦਾ ਸੇਵਨ ਨਾ ਸਿਰਫ ਸਿਹਤ ਲਈ ਫਾਇਦੇਮੰਦ ਹੁੰਦਾ ਹੈ, ਸਗੋਂ ਇਸ ਨੂੰ ਸਹੀ ਮਾਤਰਾ ਵਿਚ ਲੈਣ ਬਾਰੇ ਖੁਰਾਕ ਦਾ ਕਹਿਣਾ ਹੈ ਕਿ ਇਕ ਦਿਨ ਵਿਚ 30 ਤੋਂ 40 ਗ੍ਰਾਮ ਅਲਸੀ ਦਾ ਸੇਵਨ ਕਿਸੇ ਵੀ ਤਰੀਕੇ ਨਾਲ ਕੀਤਾ ਜਾ ਸਕਦਾ ਹੈ।

-ਅਲਪਨਾ ਸ਼ਰਮਾ

# 60 ਸਾਲਾਂ ਪਿੱਛੋਂ ਘਟਦੀ ਹੈ ਸੋਚਣ ਦੀ ਸਮਰੱਥਾ : ਵਾਸ਼ਿੰਗਟਨ ਏਜੰਸੀ



ਮਨੁੱਖ ਆਪਣੀ ਤੇਜ਼ੀ ਨਾਲ ਵਧਦੀ ਉਮਰ ਦੀ ਆਬਾਦੀ ਨਾਲ ਡਿਮੈਂਸ਼ੀਆ ਦੇ ਖਤਰਨਾਕ ਬੋਝ ਦਾ ਸਾਹਮਣਾ ਕਰ ਰਿਹਾ ਹੈ। ਇਕ ਨਵੇਂ ਅਧਿਐਨ 'ਚ ਪਾਇਆ ਗਿਆ ਹੈ ਕਿ ਸੱਠ ਸਾਲਾਂ ਬਾਅਦ ਤੰਤ੍ਰਿਕਾ ਬੋਧਿਕ ਅਸਮਰੱਥਾ ਤੇਜ਼ੀ ਨਾਲ ਵਧਣ ਲੱਗੀ ਹੈ, ਜੋ ਸਾਡੀ ਸੋਚਣ- ਸਮਝਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ। ਖੋਜੀਆਂ ਨੇ ਕਿਹਾ ਕਿ 60 ਤੋਂ 64 ਸਾਲ 'ਚ ਬੋਧਿਕ ਅਸਮਰੱਥਾ ਚਾਰ ਫੀਸਦੀ ਪਾਈ ਗਈ ਤਾਂ 80 ਸਾਲ 'ਚ ਇਹ ਵੱਧ ਕੇ 5.2 ਫੀਸਦੀ ਹੋ ਗਈ। ਅਮਰੀਕਾ ਦੇ ਜਾਨਸ ਹਾਪਕਿੰਸ ਯੂਨੀਵਰਸਿਟੀ ਤੇ ਬੈਂਗਲੁਰੂ ਦੇ ਸੇਂਟ ਜਾਨਸ ਮੈਡੀਕਲ ਕਾਲਜ ਦਾ ਇਹ ਜਰਨਲ ਪੀਐੱਲਓਐੱਸ 'ਚ ਹਾਲ ਹੀ ਵਿਚ ਪ੍ਰਕਾਸ਼ਿਤ ਹੋਇਆ ਹੈ। ਭਾਰਤ 'ਚ 60 ਸਾਲ ਤੋਂ ਵੱਧ ਉਮਰ ਦੇ ਅੰਦਾਜ਼ਨ ਅੰਦਾਜ਼ਾ ਦੱਸਦਾ ਹੈ ਕਿ ਲਗਪਗ 2.4 ਕਰੋੜ ਤੇ 99 ਲੱਖ ਬਜ਼ੁਰਗ ਲੜੀਵਾਰ ਹਲਕੇ ਤੇ ਪ੍ਰਮੁੱਖ ਤੰਤ੍ਰਿਕਾ-ਬੋਧਿਕ ਅਸਮਰੱਥਾ ਤੋਂ ਪੀੜਤ ਹਨ, ਭਾਵ ਭਾਰਤ 'ਚ ਪੰਜ 'ਚੋਂ ਇਕ ਬਜ਼ੁਰਗ ਹਲਕੇ ਤੇ ਅਹਿਮ ਤੰਤ੍ਰਿਕਾ-ਬੋਧਿਕ ਅਸਮਰੱਥਾ ਤੋਂ ਪੀੜਤ ਹੈ। ਖੋਜੀਆਂ ਦੀ ਟੀਮ ਨੇ 18 ਭੂਗੋਲਿਕ ਤੇ ਭਾਸ਼ਾਈ ਵਿਲੱਖਣਤਾ ਵਾਲੇ ਸੂਬਿਆਂ 'ਚ ਰਹਿਣ ਵਾਲੇ ਲਗਪਗ 4100 ਉਮੀਦਵਾਰਾਂ ਨੂੰ ਅਧਿਐਨ 'ਚ ਸ਼ਾਮਲ ਕੀਤਾ। ਇਨ੍ਹਾਂ 'ਚੋਂ ਵਧੇਰੇ 60 ਤੋਂ 79 ਸਾਲ ਦੇ ਸਨ। ਉਨ੍ਹਾਂ ਪਾਇਆ ਕਿ ਵੱਧ ਉਮਰ, ਘੱਟ ਸਿੱਖਿਆ ਵਾਲੇ ਤੇ ਪਿੰਡਾਂ 'ਚ ਰਹਿਣ ਵਾਲੇ ਬਜ਼ੁਰਗਾਂ 'ਚ ਇਸਦਾ ਰੁਝਾਨ ਵੱਧ ਸੀ। ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ 'ਚ ਹੋਰ ਵੱਧ ਜਾਵੇਗੀ। ਟੀਮ ਨੇ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਮਾਨਸਿਕ ਬਿਮਾਰੀਆਂ ਦੇ ਗਿਣਤੀ ਮੈਨੂਅਲ ਦੇ ਡਾਟਾ ਦੀ ਵਰਤੋਂ ਕਰ ਕੇ ਉਮੀਦਵਾਰਾਂ ਦੀ ਸਥਿਤੀ ਦਾ ਵਿਸ਼ਲੇਸ਼ਣ ਕੀਤਾ। ਟੀਬੀਈ ਨਤੀਜਿਆਂ ਤੋਂ ਪਤਾ ਲੱਗਾ ਕਿ ਆਬਾਦੀ 'ਚ ਡੀਐੱਸਐੱਮ-5 ਹਲਕੇ ਤੇ ਅਹਿਮ ਤੰਤ੍ਰਿਕਾ ਬੋਧਿਕ ਅਸਮਰੱਥਾ ਦਾ ਪਸਾਰ ਲੜੀਵਾਰ 17.6 ਫੀਸਦੀ ਤੇ 7.2 ਫੀਸਦੀ ਸੀ।

# ਸਰਵਾਈਕਲ ਕੈਂਸਰ
## HPV ਵੈਕਸੀਨ ਲਗਵਾ ਕੇ ਇਸ ਕੈਂਸਰ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕਦੈ

**ਸਰਵਾਈਕਲ ਕੈਂਸਰ ਕੀ ਹੈ?**

ਸਰਵਾਈਕਲ ਕੈਂਸਰ ਐਚਪੀਵੀ ਵਾਇਰਸ ਯਾਨੀ ਹਿਊਮਨ ਪੈਪਿਲੋਮਾਵਾਇਰਸ ਕਾਰਨ ਹੁੰਦਾ ਹੈ। ਜਦੋਂ ਇਹ ਵਾਇਰਸ ਬਹੁਤ ਦੇਰ ਤੱਕ ਸਰੀਰ ਵਿੱਚ ਰਹਿੰਦਾ ਹੈ ਅਤੇ ਆਪਣੇ ਆਪ ਨਸ਼ਟ ਨਹੀਂ ਹੁੰਦਾ ਹੈ, ਤਾਂ ਇਹ ਕੈਂਸਰ ਦਾ ਕਾਰਨ ਬਣ ਜਾਂਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਸਰੀਰ ਆਪਣੇ ਆਪ ਵਾਇਰਸ ਨੂੰ ਖਤਮ ਕਰਨ ਦੇ ਯੋਗ ਹੁੰਦਾ ਹੈ। HPV ਦੀਆਂ 12 ਵੱਖ-ਵੱਖ ਕਿਸਮਾਂ ਹਨ, ਕੁਝ ਉੱਚ ਜੋਖਮ ਵਾਲੇ ਤਣਾਅ ਵੱਖ-ਵੱਖ ਕੈਂਸਰਾਂ ਦਾ ਕਾਰਨ ਬਣ ਸਕਦੇ ਹਨ। ਸਰਵਾਈਕਲ ਕੈਂਸਰ ਕੈਂਸਰ ਦੀਆਂ ਸਭ ਤੋਂ ਆਮ ਕਿਸਮਾਂ ਵਿੱਚੋਂ ਇੱਕ ਹੈ ਜੋ HPV ਕਾਰਨ ਹੋ ਸਕਦਾ ਹੈ।

ਅਜਿਹੇ 'ਚ HPV ਵੈਕਸੀਨ ਲਗਵਾ ਕੇ ਇਸ ਕੈਂਸਰ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ। ਹਾਲਾਂਕਿ, ਸਰਵਾਈਕਲ ਕੈਂਸਰ ਤੋਂ ਬਚਾਉਣ ਤੋਂ ਇਲਾਵਾ, ਇਹ ਟੀਕਾ ਹੋਰ ਵੀ ਬਹੁਤ ਸਾਰੇ ਫਾਇਦੇ ਪ੍ਰਦਾਨ ਕਰਦਾ ਹੈ। ਆਓ ਜਾਣਦੇ ਹਾਂ HPV ਵੈਕਸੀਨ ਦੇ ਹੋਰ ਫਾਇਦੇ-

**ਵੱਖ ਵੱਖ ਕੈਂਸਰਾਂ ਤੋਂ ਸੁਰੱਖਿਆ** : ਸਰਵਾਈਕਲ ਕੈਂਸਰ ਤੋਂ ਇਲਾਵਾ, HPV ਵੈਕਸੀਨ ਉੱਚ-ਜੋਖਮ ਵਾਲੇ HPV ਤਣਾਅ ਦੇ ਕਾਰਨ ਹੋਣ ਵਾਲੇ ਹੋਰ ਕੈਂਸਰਾਂ ਤੋਂ ਬਚਾਉਂਦੀ ਹੈ। ਇਸ ਵਿੱਚ ਗੁਦਾ, ਲਿੰਗ ਅਤੇ ਓਰੋਫੈਰਨਜੀਅਲ ਕੈਂਸਰ ਸ਼ਾਮਲ ਹਨ, ਜੋ ਇਹਨਾਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਂਦੇ ਹਨ।

**ਜਣਨ ਵਾਰਟਸ ਨੂੰ ਰੋਕੇ** : ਇਹ ਟੀਕਾ ਐਚਪੀਵੀ ਦੇ ਕਾਰਨ ਹੋਣ ਵਾਲੇ ਜਣਨ ਅੰਗਾਂ ਨੂੰ ਘਟਾਉਣ ਵਿੱਚ ਪ੍ਰਭਾਵਸ਼ਾਲੀ ਹੈ, ਜੋ ਘੱਟ ਜੋਖਮ ਵਾਲੇ ਐਚਪੀਵੀ ਤਣਾਅ ਕਾਰਨ ਹੁੰਦੇ ਹਨ। ਇਹਨਾਂ ਮਣਕਿਆਂ ਨੂੰ ਰੋਕ ਕੇ, ਇਹ ਟੀਕਾ ਤੁਹਾਡੀ ਜਿਨਸੀ ਸਿਹਤ ਨੂੰ ਸੁਧਾਰਨ ਵਿੱਚ ਯੋਗਦਾਨ ਪਾਉਂਦਾ ਹੈ।

**ਵਾਇਰਸ ਨੂੰ ਫੈਲਣ ਤੋਂ ਰੋਕੇ** : ਐਚਪੀਵੀ ਵੈਕਸੀਨ ਨਾ ਸਿਰਫ਼ ਵੈਕਸੀਨ ਲੈਣ ਵਾਲੇ ਵਿਅਕਤੀ ਦੀ ਰੱਖਿਆ ਕਰਦੀ ਹੈ, ਸਗੋਂ ਦੂਜਿਆਂ ਵਿੱਚ ਵਾਇਰਸ ਫੈਲਣ ਦੀ ਸੰਭਾਵਨਾ ਨੂੰ ਘਟਾਉਣ ਵਿੱਚ ਵੀ ਮਦਦ ਕਰਦੀ ਹੈ। ਅਜਿਹੀ ਸਥਿਤੀ ਵਿੱਚ, ਇਹ ਕਹਿਣਾ ਗਲਤ ਨਹੀਂ ਹੈ ਕਿ ਐਚਪੀਵੀ ਟੀਕਾ ਅਸਿੱਧੇ ਤੌਰ 'ਤੇ ਉਨ੍ਹਾਂ ਲੋਕਾਂ ਦੀ ਵੀ ਰੱਖਿਆ ਕਰਦਾ ਹੈ ਜਿਨ੍ਹਾਂ ਨੇ ਟੀਕਾ ਨਹੀਂ ਲਗਾਇਆ ਹੈ।




**ਕੈਂਸਰ ਦੇ ਜ਼ਖਮਾਂ ਦਾ ਇਲਾਜ ਕਰੇ** : HPV ਵਾਇਰਸ ਬੱਚੇਦਾਨੀ ਦੇ ਮੂੰਹ, ਯੋਨੀ ਅਤੇ ਵੁਲਵਾ ਵਿੱਚ ਜਖਮ ਪੈਦਾ ਕਰ ਸਕਦਾ ਹੈ। ਜੇਕਰ ਇਨ੍ਹਾਂ ਜਖਮਾਂ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਸਮੇਂ ਦੇ ਨਾਲ ਕੈਂਸਰ ਵਿੱਚ ਬਦਲ ਸਕਦੇ ਹਨ। ਅਜਿਹੀ ਸਥਿਤੀ ਵਿੱਚ, ਟੀਕਾਕਰਣ ਇਹਨਾਂ ਪੂਰਵ-ਕੈਂਸਰ ਵਾਲੇ ਜਖਮਾਂ ਦੇ ਵਿਕਾਸ ਨੂੰ ਕਾਫੀ ਹੱਦ ਤੱਕ ਘਟਾਉਂਦਾ ਹੈ, ਜਿਸ ਨਾਲ ਕੈਂਸਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਰੋਕਿਆ ਜਾਂਦਾ ਹੈ।

**ਰੋਗ ਪ੍ਰਤੀਰੋਧਕਤਾ ਵਧਾਏ** : ਜਦੋਂ ਇਹ ਟੀਕਾ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਲਗਾਇਆ ਜਾਂਦਾ ਹੈ, ਤਾਂ ਇਹ ਹਰੇਕ ਲਈ ਇੱਕ ਸੁਰੱਖਿਆ ਰੁਕਾਵਟ ਪੈਦਾ ਕਰੇਗਾ, ਜਿਸ ਨਾਲ ਉਹਨਾਂ ਲੋਕਾਂ ਨੂੰ ਵੀ ਫਾਇਦਾ ਹੋਵੇਗਾ ਜਿਨ੍ਹਾਂ ਨੇ ਇਸ ਵਾਇਰਸ ਦੇ ਵਿਰੁੱਧ ਟੀਕਾਕਰਨ ਨਹੀਂ ਕੀਤਾ ਹੈ। ਇਸ ਤਰ੍ਹਾਂ ਇਹ HPV ਦੇ ਫੈਲਣ ਨੂੰ ਹੌਲੀ ਕਰਦਾ ਹੈ ਅਤੇ ਹਰ ਕਿਸੇ ਲਈ HPV-ਸਬੰਧਤ ਬਿਮਾਰੀਆਂ ਦੇ ਜੋਖਮ ਨੂੰ ਘਟਾਉਂਦਾ ਹੈ।

**ਲੰਬੀ ਮਿਆਦ ਤਕ ਸੁਰੱਖਿਆ** : ਵਰਤਮਾਨ ਵਿੱਚ ਉਪਲਬਧ ਐਚਪੀਵੀ ਟੀਕੇ ਲੰਬੇ ਸਮੇਂ ਤੱਕ ਚੱਲਣ ਵਾਲੀ ਸੁਰੱਖਿਆ ਪ੍ਰਦਾਨ ਕਰਦੇ ਹਨ। ਕੁਝ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਇਸ ਵੈਕਸੀਨ ਤੋਂ ਪ੍ਰਤੀਰੋਧਕਤਾ ਘੱਟ-ਘੱਟ 20 ਸਾਲ ਅਤੇ ਸੰਭਵ ਤੌਰ 'ਤੇ ਲੰਬੇ ਸਮੇਂ ਤੱਕ ਰਹਿੰਦੀ ਹੈ। ਇਸਦਾ ਮਤਲਬ ਹੈ ਕਿ ਛੋਟੀ ਉਮਰ ਵਿੱਚ ਟੀਕਾਕਰਣ ਤੁਹਾਨੂੰ ਲੰਬੇ ਸਮੇਂ ਦੀ ਸੁਰੱਖਿਆ ਪ੍ਰਦਾਨ ਕਰ ਸਕਦਾ ਹੈ।

# ਦਸਤਾਰ ਨਾਲ ਸਿਰ ਦੀ ਸੱਟ ਤੋਂ ਭਾਰੀ ਬਚਾਅ: ਖੋਜ ਕਰਤਾ



ਨਵੀਂ ਦਿੱਲੀ : ਨਵੀਂ ਖੋਜ ਵਿੱਚ ਸਾਹਮਣੇ ਆਇਆ ਹੈ ਕਿ ਦਸਤਾਰ ਹਾਦਸੇ ਦੀ ਸੂਰਤ ਵਿਚ ਖੋਪੜੀ 'ਚ ਫਰੈਕਚਰ ਤੋਂ ਕਾਫੀ ਬਚਾਅ ਕਰ ਦਿੰਦੀ ਹੈ। ਇਪੀਰੀਅਲ ਕਾਲਜ ਲੰਡਨ ਤੇ ਸਿੱਖ ਸਾਇੰਟਿਸਟਸ ਨੈੱਟਵਰਕ ਦੇ ਖੋਜੀਆਂ ਨੇ ਕਿਹਾ ਹੈ ਕਿ ਦੁਮਾਲਾ ਤਾਂ ਹੋਰ ਵੀ ਜ਼ਿਆਦਾ ਬਚਾਅ ਕਰਦਾ ਹੈ । ਉਨ੍ਹਾਂ ਡੰਮੀ ਸਿਰ 'ਤੇ ਵੱਖ-ਵੱਖ ਸਟਾਈਲ ਦੀਆਂ ਦਸਤਾਰਾਂ ਬੰਨ੍ਹ ਕੇ ਟੈੱਸਟ ਕੀਤੇ ਹਨ। ਖੋਜਾਰਥੀਆਂ ਨੇ ਕਿਹਾ ਹੈ-ਸਿੱਖ ਸਦੀਆਂ ਤੋਂ ਦਸਤਾਰ ਬੰਨ੍ਹ ਰਹੇ ਹਨ, ਪਰ ਦੁਨੀਆਂ ਦੀ ਇਸ 0.5 ਫੀਸਦੀ ਆਬਾਦੀ ਨੂੰ ਵੱਖ-ਵੱਖ ਥਾਈਂ ਹਾਦਸਿਆਂ ਦੇ ਖਤਰੇ ਕਾਰਨ ਦਸਤਾਰ ਦੀ ਥਾਂ ਹੇਲਮਟ ਪਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਖੋਜਾਰਥੀਆਂ ਨੇ ਪੰਜ ਵੱਖ-ਵੱਖ ਦਸਤਾਰਾਂ ਨੂੰ ਟੈੱਸਟ ਕੀਤਾ। ਇਨ੍ਹਾਂ ਦੇ ਬੰਨ੍ਹਣ ਦੇ ਸਟਾਈਲਾਂ ਤੋਂ ਪਤਾ ਲਾਇਆ ਕਿ ਇਹ ਸੱਟ ਤੋਂ ਕਿੰਨ੍ਹਾਂ ਬਚਾਅ ਕਰਦੀਆਂ ਹਨ। ਉਨ੍ਹਾਂ ਇਨ੍ਹਾਂ ਦਾ ਸਾਈਕਲ ਦੇ ਹੈਲਮਟਾਂ ਨਾਲ ਮੁਕਾਬਲਾ ਕੀਤਾ। ਉਨ੍ਹਾਂ ਪਤਾ ਲਾਇਆ ਕਿ ਰੁਬੀਆ ਵਾਇਲ ਦੀ ਤਿੰਨ ਮੀਟਰ ਲੰਮੀ ਤੇ ਦੋ ਮੀਟਰ ਚੌੜੀ ਦਸਤਾਰ ਸੱਟ ਦਾ 23 ਫੀਸਦੀ ਰਿਸਕ ਘਟਾ ਦਿੰਦੀ ਹੈ। 10 ਮੀਟਰ ਲੰਮੀ ਤੇ ਇਕ ਮੀਟਰ ਚੌੜੀ ਦੁਮਾਲਾ ਸਟਾਈਲ ਦੀ ਦਸਤਾਰ 59 ਫੀਸਦੀ ਤੱਕ ਰਿਸਕ ਘਟਾਉਂਦੀ ਹੈ। ਖੋਜ ਕਰਨ ਵਾਲਿਆਂ ਵਿਚ ਸ਼ਾਮਲ ਗੁਰਪੀਤ ਸਿੰਘ ਨੇ ਦੱਸਿਆ ਕਿ ਉਮੀਦ ਹੈ ਕਿ ਵਿਗਿਆਨਕ ਭਾਈਚਾਰਾ ਸੱਟ ਤੋਂ ਬਚਾਅ ਲਈ ਅਜਿਹੀਆਂ ਫੈਬਰਿਕਾਂ ਵਾਲੀਆਂ ਦਸਤਾਰਾਂ ਬਣਾਉਣ ਦੀ ਸੋਚੇਗਾ, ਜਿਨ੍ਹਾਂ ਨਾਲ ਰਿਸਕ ਹੋਰ ਘਟੇ। ਉਹ ਫੈਬਰਿਕ ਵਿਚ ਅਜਿਹਾ ਮਟੀਰੀਅਲ ਪਾਏਗਾ, ਜਿਸ ਨਾਲ ਸੱਟ ਦਾ ਅਸਰ ਹੋਰ ਘਟੇ।

# ਵਾਸਤੂ ਟਿਪਸ ਇੰਜ ਲਗਾਓ ਘਰ ਵਿੱਚ ਸ਼ੀਸ਼ਾ

ਵਾਸਤੂ ਸ਼ਾਸਤਰ ਵਿਚ ਸ਼ੀਸ਼ਾ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਕਿਉਂਕਿ ਇਹ ਘਰ ਵਿਚ ਪਾਜ਼ੇਟਿਵ ਊਰਜਾ ਪੈਦਾ ਕਰ ਸਕਦੇ ਹਨ। ਘਰ ਵਿਚ ਸ਼ੀਸ਼ਾ ਲਗਾਉਣ ਨਾਲ ਧਨ, ਸਿਹਤ ਅਤੇ ਖੁਸ਼ਹਾਲੀ ਮਿਲਦੀ ਹੈ, ਇਸ ਲਈ ਸ਼ੀਸ਼ੇ ਨੂੰ ਸਹੀ ਸਥਿਤੀ ਵਿਚ ਰੱਖਣਾ ਬਹੁਤ ਜ਼ਰੂਰੀ ਹੈ । ਵਾਸਤੂ ਸ਼ਾਸਤਰ ਦੇ ਅਨੁਸਾਰ ਘਰ ਦੇ ਵੱਖ-ਵੱਖ ਖੇਤਰਾਂ- ਬੈੱਡਰੂਮ, ਲਿਵਿੰਗ ਰੂਮ ਅਤੇ ਡਾਇਨਿੰਗ ਰੂਮ ਵਿਚ ਕਿਵੇਂ ਸ਼ੀਸ਼ੇ ਲਗਾਏ ਜਾਣੇ ਚਾਹੀਦੇ ਹਨ -

**ਮਿਰਰ ਪਲੇਸਮੈਂਟ** : ਵਾਸਤੂ ਸ਼ਾਸਤਰ ਅਨੁਸਾਰ ਸ਼ੀਸ਼ਾ ਘਰ ਵਿਚ ਊਰਜਾ ਨੂੰ ਬਦਲ ਸਕਦਾ ਹੈ। ਜੇਕਰ ਸ਼ੀਸ਼ੇ ਦੀ ਸਥਿਤੀ ਗਲਤ ਹੈ ਤਾਂ ਇਹ ਆਲੇ-ਦੁਆਲੇ ਦੇ ਵਾਤਾਵਰਣ ਵਿਚ ਨੈਗੇਟਿਵ ਊਰਜਾ ਦਾ ਸੰਚਾਰ ਕਰ ਸਕਦਾ ਹੈ। ਜੇਕਰ ਸਹੀ ਢੰਗ ਨਾਲ ਰੱਖਿਆ ਜਾਵੇ ਤਾਂ ਸ਼ੀਸ਼ਾ ਲਾਭਦਾਇਕ ਸਿੱਧ ਹੋ ਸਕਦਾ ਹੈ। ਇਸ ਲਈ, ਤੁਹਾਡੇ ਘਰ 'ਚ ਜਿਥੇ-ਜਿਥੇ ਵੀ ਸ਼ੀਸ਼ੇ ਹਨ, ਉਥੇ ਵਾਸਤੂ ਦੀ ਸਹੀ ਸਥਿਤੀ ਦਾ ਪਾਲਣ ਕਰਨਾ ਜ਼ਰੂਰੀ ਹੈ।



**ਬੈੱਡਰੂਮ ਵਿਚ ਸ਼ੀਸ਼ਾ** : ਸ਼ਾਂਤੀ ਅਤੇ ਚੰਗੀ ਸਿਹਤ ਲਈ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਬੈੱਡਰੂਮ ਵਿਚ ਸ਼ੀਸ਼ੇ ਨਾ ਰੱਖੋ । ਜੇਕਰ ਤੁਹਾਡੇ ਬੈੱਡਰੂਮ 'ਚ ਡ੍ਰੈਸਿੰਗ ਟੇਬਲ ਹੈ ਤਾਂ ਤੁਹਾਨੂੰ ਇਸ ਨੂੰ ਇਸ ਤਰ੍ਹਾਂ ਰੱਖਣਾ ਚਾਹੀਦਾ ਹੈ ਕਿ ਉਸ ਦਾ ਮੂੰਹ ਉੱਤਰ ਜਾਂ ਪੂਰਬ ਵੱਲ ਨਾ ਹੋਵੇ। ਸੌਂਦੇ ਸਮੇਂ ਸ਼ੀਸ਼ੇ ਨੂੰ ਢਕਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ। ਵਾਸਤੂ ਅਨੁਸਾਰ ਬੈੱਡਰੂਮ 5 ਵਿਚ ਸ਼ੀਸ਼ਾ ਲਗਾਉਣਾ ਸ਼ੁੱਭ ਹੈ। ਲਿਵਿੰਗ ਰੂਮ ਵਿਚ ਵਾਸਤੂ ਅਨੁਸਾਰ ਸ਼ੀਸ਼ੇ ਲਗਾਉਣ ਨਾਲ, ਸ਼ੀਸ਼ੇ ਪਾਜ਼ੇਟਿਵ ਵਾਈਬਸ ਨੂੰ ਦੁੱਗਣਾ ਕਰ ਸਕਦੇ ਹਨ।

**ਟਵਿਨ ਮਿਰਰ ਪਲੇਸਮੈਂਟ** : ਵਾਸਤੂ ਸ਼ਾਸਤਰ ਅਨੁਸਾਰ, ਦੋ ਸ਼ੀਸ਼ੇ ਕਦੇ ਵੀ ਇਕ-ਦੂਜੇ ਦੇ ਸਾਹਮਣੇ ਨਹੀਂ ਰੱਖਣੇ ਚਾਹੀਦੇ, ਕਿਉਂਕਿ ਇਹ ਪਰਿਵਾਰ ਦੇ ਮੈਂਬਰਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ । ਇਸ ਲਈ, ਤੁਹਾਨੂੰ ਹਮੇਸ਼ਾ ਦੋ ਸ਼ੀਸ਼ੇ ਵੱਖਰੇ ਕਮਰਿਆਂ ਵਿਚ ਜਾਂ ਇਕ-ਦੂਜੇ ਤੋਂ ਦੂਰ ਰੱਖਣੇ ਚਾਹੀਦੇ ਹਨ।

**ਸ਼ੀਸ਼ੇ ਲਗਾਉਣ ਲਈ ਉਚਾਈ** : ਸਹੀ ਉਚਾਈ, ਜਿਸ 'ਤੇ ਸ਼ੀਸ਼ੇ ਲਗਾਏ ਜਾਣੇ ਚਾਹੀਦੇ ਹਨ, ਉਹ ਫਰਸ਼ ਤੋਂ ਲਗਭਗ ਚਾਰ ਤੋਂ ਪੰਜ ਫੁੱਟ ਉੱਪਰ ਹੈ। ਤੁਹਾਨੂੰ ਹਮੇਸ਼ਾ ਸ਼ੀਸ਼ੇ ਨੂੰ ਲਟਕਾਉਣ ਚਾਹੀਦਾ ਹੈ ਅਤੇ ਇਸ ਨੂੰ ਜ਼ਮੀਨ ਜਾਂ ਮੇਜ਼ 'ਤੇ ਨਹੀਂ ਰੱਖਣਾ ਚਾਹੀਦਾ ਹੈ । ਇਸ ਤੋਂ ਇਲਾਵਾ ਸਟੱਡੀ ਟੇਬਲ ਕੋਲ ਕਦੇ ਵੀ ਸ਼ੀਸ਼ਾ ਨਾ ਰੱਖੋ।

ਚਰਚਿਤ ਸ਼ਖ਼ਸੀਅਤ

# ਸਿਹਤ ਵਿਭਾਗ ਦੇ ਧਾਕੜ ਅਫਸਰ : ਡਾ. ਲਖਵੀਰ ਸਿੰਘ

*ਇਹ ਨੇ ਸਿਹਤ ਵਿਭਾਗ ਦੇ ਧਾਕੜ ਅਫਸਰ ਡਾ. ਲਖਵੀਰ ਸਿੰਘ, ਜਿਨ੍ਹਾਂ ਨੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਨਾਲ ਕਦੇ ਸਮਝੌਤਾ ਨਹੀਂ ਕੀਤਾ। ਇਹ ਹਰ ਦਿਨ ਹੁਸ਼ਿਆਰਪੁਰ ਦੇ ਅਲੱਗ-ਅਲੱਗ ਇਲਾਕਿਆਂ 'ਚ ਰੇਡ ਕਰਦੇ ਤੇ ਖਾਣੇ ਦੇ ਰੂਪ ਚ ਜ਼ਹਿਰ ਵੇਚਣ ਵਾਲਿਆਂ ਖਿਲਾਫ ਕਾਰਵਾਈ ਕਰਦੇ ਨਜ਼ਰੀਂ ਪੈ ਹੀ ਜਾਂਦੇ ਸਨ।*

*ਕਰੀਬ 30 ਸਾਲਾ ਤੱਕ ਸ਼ਲਾਘਯੋਗ ਡਿਊਟੀ ਕਰਨ ਤੋਂ ਬਾਅਦ ਡਾ. ਲਖਵੀਰ ਸਿੰਘ ਮਹਿਕਮੇ ਤੋਂ ਰਿਟਾਇਰ ਹੋ ਗਏ ਹਨ, ਉਨ੍ਹਾਂ ਸਵੈ ਇਛਾ ਦੇ ਨਾਲ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਲੈ ਲਈ ਹੈ, ਇਸ ਮੌਕੇ ਮਹਿਕਮੇ ਦੇ ਸਾਥੀ ਕਰਮਚਾਰੀਆਂ ਨੇ ਡਾ. ਲਖਵੀਰ ਸਿੰਘ ਨੂੰ ਨਿੱਘੀ ਵਿਦਾਇਗੀ ਦਿੱਤੀ ਤੇ ਫੇਅਰਵੈਲ ਪਾਰਟੀ ਆਯੋਜਿਤ ਕੀਤੀ, ਡਾ. ਲਖਵੀਰ ਸਿੰਘ ਨੇ ਵੀ ਆਪਣੇ ਸਾਥੀਆ ਵੱਲੋਂ ਦਿੱਤੇ ਗਏ ਸਹਿਯੋਗ ਦਾ ਧੰਨਵਾਦ ਕੀਤਾ। ਡਾ. ਲਖਵੀਰ ਸਿੰਘ ਵੱਲੋਂ ਸਮੇਂ ਤੋਂ ਪਹਿਲਾਂ ਲਈ ਗਈ ਰਿਟਾਇਰਮੈਂਟ ਤੇ ਬਿਆਨਾਂ ਤੋਂ ਇੰਝ ਜਾਪਦਾ ਹੈ ਕਿ ਉਹ ਆਉਣ ਵਾਲੇ ਸਮੇਂ 'ਚ ਸਿਆਸੀ ਗਲਿਆਰਿਆਂ 'ਚ ਸੇਵਾ ਨਿਭਾਉਂਦੇ ਨਜ਼ਰ ਆਉਣਗੇ, ਫਿਲਹਾਲ ਡਾ. ਲਖਵੀਰ ਸਿੰਘ ਦੀ ਰਿਟਾਇਰਮੈਂਟ ਤੋਂ ਬਾਅਦ ਮਹਿਕਮੇ ਨੂੰ ਉਨ੍ਹਾਂ ਦੀ ਕਮੀ ਜ਼ਰੂਰ ਰੜਕ ਸਕਦੀ ਹੈ, ਲਾਈਵ ਪੰਜਾਬੀ ਟੀਵੀ ਦੇ ਐਡੀਟਰ ਚਰਨਜੀਤ ਸਿੰਘ ਜੋਗੀ ਨੇ ਹੁਸ਼ਿਆਰਪੁਰ ਦੇ ਜ਼ਿਲ੍ਹਾ ਸਿਹਤ ਅਫ਼ਸਰ ਡਾ: ਲਖਵੀਰ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਉਨ੍ਹਾਂ ਦੀ ਸਿੱਖਿਆ ਤੇ ਜ਼ਿੰਦਗੀ ਬਾਰੇ ਗੱਲਬਾਤ ਕੀਤੀ।*

— ਚਰਨਜੀਤ ਸਿੰਘ ਜੋਗੀ



**ਸਵਾਲ- ਆਸ ਦੀ ਕਿਰਨ ਜਗਾ ਕੇ ਤੁਸੀ ਨੌਕਰੀ ਛੱਡ ਦਿੱਤੀ?**

ਜਵਾਬ- ਅਜੇ ਤਾਂ ਟਰੇਲਰ ਦਿਖਾਇਆ ਹੈ ਜੀ ਫਿਲਮ ਹਾਲੇ ਬਾਕੀ ਹੈ। ਹੁਣ ਪੂਰੀ ਫਿਲਮ ਦਿਖਾਵਾਂਗੇ। ਜਦੋਂ ਮੈਂ ਮੈਡੀਕਲ ਫੂਡ ਅਫਸਰ ਸੀ ਓਦੋ ਇਕ ਜਜ਼ਬਾ ਸੀ। ਓਦੋਂ ਹੀ ਇਕ ਟੀਚਾ ਮਿੱਥ ਲਿਆ ਸੀ ਜਦੋਂ ਤਰੱਕੀ ਹੋਈ ਡੀਐੱਚਓ ਲਗਣਾ ਸਿਰਫ ਡੀਐੱਚਓ। ਫੂਡ ਸੇਫਟੀ ਦਾ ਕੰਮ ਮੈਂ ਪਹਿਲਾਂ ਹੀ ਦੇਖ ਚੁੱਕਾ ਸੀ। ਮੈਂ ਕਿਸੇ ਨੂੰ ਕਿੰਤੂ-ਪ੍ਰੰਤੂ ਨਹੀਂ ਕਰਦਾ। ਮੈਂ ਸੋਚਿਆ ਸੀ ਜੇ ਮੈਂ ਡੀਐੱਚਓ ਹੋਵਾ ਤਾਂ ਮੈਂ ਇਹ ਕੰਮ ਕਰਾਂ ਤੇ ਇਸ ਤਰ੍ਹਾਂ ਦੇ ਫੈਸਲੇ ਲਵਾ ਕਿ ਲੋਕਾਂ ਤਕ ਸਾਫ ਸੁਥਰਾ ਸਾਮਾਨ ਪੁੱਜੇ। ਹੁਣ ਜੇਕਰ ਇਹ ਅਹੁਦਾ ਮਿਲਿਆ ਤਾਂ ਉਸਦੀ ਬਾਖੂਬੀ ਸਹੀ ਵਰਤੋਂ ਕੀਤੀ ਤੇ ਲੋਕਾਂ ਨੂੰ ਕਰ ਕੇ ਦਿਖਾਇਆ ਹੈ। ਲੋਕੀ ਇਸ ਬਾਰੇ ਕੀ ਕਹਿੰਦੇ ਹਨ ਮੈਂ ਇਸ ਬਾਰੇ ਨਹੀਂ ਸੋਚਦਾ।

**ਸਵਾਲ- ਸਵੈਇੱਛਤ ਰਿਟਾਇਰਮੈਂਟ ਤੋਂ ਕੀ ਸਿਆਸਤ 'ਚ ਕਦਮ ਰੱਖੋਗੇ?**

ਜਵਾਬ-ਮੈਂ ਫੂਡ ਸੇਫਟੀ ਨੂੰ ਨਹੀਂ ਛੱਡ ਸਕਦਾ। ਜੇਕਰ ਲੋਕਾਂ ਨੂੰ ਸੱਚੀ ਕੋਈ ਆਸ ਦੀ ਕਿਰਨ ਮਿਲੀ ਹੈ ਤਾਂ ਮੈਂ ਇਸ ਲਈ ਹੋਰ ਵੱਡੇ ਕਦਮ ਚੱਕਾਂਗਾ। ਕਦੇ ਕਿਸੇ ਤੋਂ ਸੁਣਿਆ ਨਹੀਂ ਸੀ ਵਈ ਡੀਐੱਚਓ ਕੀ ਹੈ? ਲੋਕਾਂ ਦੀਆਂ ਪ੍ਰਤੀਕਿਰਿਆਵਾਂ ਮਿਲਦੀਆਂ ਰਹਿੰਦੀਆ ਕਹਿੰਦੇ ਸਾਡੇ ਜ਼ਿਲ੍ਹੇ ਆਜੋ। ਕਈ ਉਨ੍ਹਾਂ 'ਚ ਕਿੰਤੂ-ਪ੍ਰੰਤੂ ਵਾਲੇ ਵੀ ਮਿਲ ਜਾਂਦੇ। ਮੈਂ ਪ੍ਰਵਾਹ ਨਹੀਂ ਕਰਦਾ। ਮੈਂ ਚਾਹੁੰਦਾ ਹਾਂ ਪੰਜਾਬ ਦੇ 23 ਜ਼ਿਲ੍ਹੇ ਸਾਰੇ ਜ਼ਿਲ੍ਹਿਆਂ ਦੇ ਡੀਐੱਚਓ ਜੇਕਰ ਅਜਿਹਾ ਕੰਮ ਕਰਨ ਤਾਂ ਲੋਕਾਂ ਦੀ ਭਲਾਈ ਦਾ ਕੰਮ ਹੋਵੇਗਾ। ਮੈਂ ਚਾਹੁੰਦਾ ਮੈਨੂੰ ਅਜਿਹੀ ਪਾਵਰ ਮਿਲ ਜਾਏ ਕਿ ਮੈਂ ਉਨ੍ਹਾਂ ਨੂੰ ਵੀ ਦੱਸਾ ਕਿ ਇਸ ਤਰ੍ਹਾਂ ਕੰਮ ਕਰੋ।

**ਸਵਾਲ- ਸਿਆਸਤ 'ਚ ਕੋਈ ਵੱਡੀ ਪਾਵਰ ਮਿਲ ਜਾਏ ਤਾਂ...?**

ਜਵਾਬ- ਮੈਨੂੰ ਨਹੀ ਲਗਦਾ। ਉਨ੍ਹਾਂ 'ਤੇ ਰੋਕ ਨਹੀਂ ਹੁੰਦੀ ਕਿਉਂਕਿ ਲੋਕ ਸੇਵਾ ਕਰਨਾ ਤੁਹਾਡਾ ਇਕ ਮਕਸਦ ਹੈ। ਮੈਂ ਇਹ ਵੀ ਨਹੀਂ ਸੋਚਿਆ ਕਿ ਰਾਜਨੀਤੀ ਖੇਤਰ 'ਚ ਹੀ ਕਰੂਗਾ। ਮੈਂ ਇਕ ਵੱਡਾ ਸੁਪਨਾ ਲੈ ਕੇ ਤੁਰਿਆ ਆ। ਲੋਕਾਂ ਨੇ ਮੈਨੂੰ ਬਹੁਤ ਪਿਆਰ ਦਿੱਤਾ। ਲੋਕ ਮੇਰੇ ਨਾਲ ਵਾਲੰਟੀਅਰ ਵਜੋਂ ਕੰਮ ਕਰਨ ਨੂੰ ਵੀ ਤਿਆਰ ਹਨ। ਕਹਿੰਦੇ ਪੈਸੇ ਦੀ ਵੀ ਕੋਈ ਗੱਲ ਨਹੀਂ ਅਸੀ ਤੁਹਾਡੇ ਨਾਲ ਚਲਣ ਨੂੰ ਤਿਆਰ ਹਾਂ। ਅਸੀ ਇਕ ਸਮਾਜ ਸੇਵੀ ਸੰਸਥਾ ਬਣਾ ਕੇ ਕੰਮ ਕਰ ਸਕਦੇ ਹਾਂ।

**ਸਵਾਲ- ਹੁਣ ਐੱਨਜੀਓ ਬਣਾਉਗੇ ਜਾਂ ਸਿਆਸਤ 'ਚ ਕਦਮ ਰੱਖੋਗੇ?**

ਜਵਾਬ-ਮੈਨੂੰ ਨਹੀਂ ਲੱਗਦਾ ਜੇ ਰਿਟਾਇਰਮੈਂਟ ਲੈ ਲਈ ਹੈ ਤਾਂ ਇਸ ਦਾ ਇਸ਼ੂ ਬਣਾਇਆ ਜਾਵੇ। ਮੈਂ ਰਿਟਾਇਰਮੈਂਟ ਲਈ ਹੈ ਫੂਡ ਸੇਫਟੀ ਤੋਂ ਵੱਖ ਨਹੀਂ ਹੋਇਆ ਹਾਂ। ਅਜਿਹਾ ਕੰਮ ਕਰੂਗਾ ਕਿ ਲੋਕ ਕਹਿਣਗੇ ਇਹ ਕੰਮ ਜ਼ਰੂਰੀ ਸੀ।

**ਸਵਾਲ- ਇਸਦਾ ਮਤਲਬ ਤੁਸੀ ਗਰਾਊਂਡ ਤਿਆਰ ਕਰ ਰਹੇ ਸੀ?**

ਜਵਾਬ- ਇਹ ਸੋਚ ਕੇ ਇਹ ਕੰਮ ਨਹੀ ਸੀ ਕੀਤਾ। ਮੈਨੂੰ ਤਾਂ ਇਹ ਵੀ ਨਹੀਂ ਸੀ ਪਤਾ ਇਸ ਤਰ੍ਹਾਂ ਹੋ ਜਾਣਾ ਸੀ। ਵੀਡੀਓ ਕਿਵੇਂ ਵਾਇਰਲ ਹੋਈਆਂ ਇਹ ਤਾਂ ਹੁਣ ਰੱਬ ਹੀ ਜਾਣਦਾ। ਮੈਂ ਤਾਂ ਕਾਰਵਾਈ ਹੀ ਕੀਤੀਆਂ ਸੀ। ਇਹ ਗਰਾਊਂਡ ਤਾਂ ਰੱਬ ਨੇ ਬਣਾਈ ਹੈ। ਮੈਨੂੰ ਲਗਦਾ ਸੀ ਮੈਂ ਜੇ ਹੁਣ ਇਹ ਫੈਸਲਾ ਨਾ ਲੈਂਦਾ ਤਾਂ ਮੇਰਾ ਹੁਨਰ ਲੁਕਿਆ ਹੀ ਰਹਿ ਜਾਣਾ ਸੀ।

**ਸਵਾਲ- ਕੀ ਤੁਸੀ ਰੇਡ ਪਲਾਨ ਕਰ ਕੇ ਕਰਦੇ ਸੀ?**

ਜਵਾਬ- ਇਹ ਸਵਾਲ ਵੀ ਜ਼ਰੂਰੀ ਸੀ। ਲਾਈਵ ਰੇਡ ਕਰਨ ਦਾ ਮਕਸਦ ਇਹ ਸੀ ਕਿ ਲੋਕਾਂ ਦੇ ਅੰਦਰ ਡਰ ਵਧ ਗਿਆ, ਉਹ ਸੋਚਦੇ ਸੀ ਕਿ ਕਿੰਨਾ ਕੁ ਜੁਰਮਾਨਾ ਹੋ ਜਾਊਗਾ। ਇਸ ਲਈ ਹੁਣ ਉਹ ਡਰਨ ਲੱਗੇ ਸੀ ਕਿ ਵੀਡੀਓ ਵਾਇਰਲ ਹੋ ਗਈ ਤਾਂ ਸਾਡੇ ਸਾਮਾਨ ਦੀ ਕੀਮਤ ਘੱਟ ਸਕਦੀ ਹੈ। ਮੈਨੂੰ ਲੱਗਦਾ ਸੀ ਕਿ ਲੋਕਾਂ ਨੂੰ ਇਸ ਬਾਰੇ ਸੁਚੇਤ ਕਰਨਾ ਬਹੁਤ ਜ਼ਰੂਰੀ ਹੈ। ਬਾਹਰ ਤਾਂ



ਖਾਣਾ ਵਧੀਆਂ ਪਰੋਸਿਆ ਜਾ ਰਿਹਾ, ਕੀ ਅੰਦਰ ਦੇ ਹਾਲਾਤਾਂ ਬਾਰੇ ਲੋਕ ਜਾਣਦੇ ਹਨ? ਇਸ ਲਈ ਮੇਰੇ ਦਿਮਾਗ 'ਚ ਵੀਡੀਓ ਦਾ ਵਿਚਾਰ ਆਇਆ। ਲੋਕਾਂ ਨੂੰ ਸਾਫ ਸੁਥਰਾ ਫੂਡ ਮਿਲੇ ਇਹ ਮੇਰਾ ਮਕਸਦ ਸੀ। ਹੁਣ ਜੋ ਸਵਾਲ ਅਸੀ ਕਰਨੇ ਸੀ ਲੋਕ ਖੁਦ ਦੇਖਣ ਲੱਗੇ ਹਨ।

**ਸਵਾਲ- ਸਿਆਸਤ 'ਚ ਆਉਣ ਤੋਂ ਡਰ ਨਹੀਂ ਲੱਗਦਾ?**

ਜਵਾਬ-ਸਾਡੇ ਹੱਥ 'ਚ ਤਾਂ ਵੈਸੇ ਵੀ ਕੁਝ ਨਹੀਂ ਹੈ। ਅਸੀ ਅੱਗੇ ਕਿਹੜੇ ਕਰੋੜਾਂ 'ਚ ਰਹਿੰਦੇ ਸੀ। ਗਰੀਬ ਜਿਹੇ ਫੌਜੀ ਦੇ ਘਰ ਜੰਮੇ ਆ ਤੇ ਮਾਂ ਸਾਡੀ ਅਨਪੜ੍ਹ ਸੀ। ਇੰਨਾ ਵੱਡਾ ਮੁਕਾਮ ਹਾਸਲ ਕਰ ਲਿਆ। ਰੱਬ ਨੇ ਇਹ ਦਿਨ ਦਿਖਾ ਦਿੱਤੇ ਤਾਂ ਦੱਸੋ ਅੱਗੇ ਨਿਰਾਸ਼ ਕਰੂਗਾ। ਬਾਕੀ ਗੱਲ ਰਹੀ ਪੈਸਿਆਂ ਦੀ ਇਹ ਜਨਤਾ ਹੁਣ ਸਮਝਦਾਰ ਹੋ ਗਈ ਹੈ। ਤੁਸੀ ਦੇਖਿਆ ਹੀ ਪਿਛਲੀਆਂ ਚੋਣਾਂ 'ਚ ਜਿਨ੍ਹਾਂ ਵੱਡੇ ਵੱਡੇ ਸਿਅਸਤਦਾਨਾਂ ਕੋਲ ਇੰਨਾ ਪੈਸਾ ਸੀ ਉਨ੍ਹਾਂ ਵੀ ਲੋਕਾਂ ਨੇ ਸ਼ੀਸ਼ਾ ਦਿਖਾ ਦਿੱਤਾ। ਲੋਕਾਂ ਨੂੰ ਕੁਝ ਕਰ ਕੇ ਦਿਖਾਉਗੇ ਤਾਂ ਹੀ ਲੋਕ ਤੁਹਾਨੂੰ ਪਿਆਰ ਕਰਨਗੇ। ਲੋਕ ਇੰਨੇ ਸਿਆਣੇ ਹੋ ਗਏ, ਜਿਥੋ ਮਿਲਦਾ ਲੈ ਤਾਂ ਲੈਂਦੇ ਪਰ ਵੋਟ ਵਾਲੇ ਦਿਨ ਹੀ ਆਪਣਾ ਸਹੀ ਫੈਸਲਾ ਲੈਂਦੇ ਹਨ।

**ਸਵਾਲ- ਸਿਆਸੀ ਪਾਰਟੀਆਂ ਦਾ ਤੁਹਾਡੇ 'ਤੇ ਧਿਆਨ ਵਧਿਆ, ਕੀ ਲਗਦਾ?**

ਜਵਾਬ-ਕਈ ਸਿਆਸੀ ਪਾਰਟੀਆਂ ਚਾਹੁੰਦੀਆਂ ਹੋਣੀਆਂ ਇਸ 'ਚ ਕੋਈ ਸ਼ੱਕ ਨਹੀਂ ਹੈ। ਕੌਣ ਨਹੀਂ ਚਾਹੁੰਦਾ ਕੋਈ ਵਧੀਆਂ ਇਨਸਾਨ ਸਾਡੀ ਪਾਰਟੀ ਨਾਲ ਜੁੜੇ। ਬਾਕੀ ਜਦੋਂ ਤਕ ਤੁਸੀ ਸਰਕਾਰੀ ਤੰਤਰ 'ਚ ਹੁੰਦੇ ਤਾਂ ਓਦੋ ਤੱਕ ਸਿਆਸਤ ਤੋਂ ਦੂਰੀ ਬਣਾਈ ਰੱਖਣਾ ਜ਼ਰੂਰੀ ਹੈ। ਸਾਡੀਆਂ ਕੁਝ ਹੱਦਾਂ ਹੁੰਦੀਆਂ ਨੇ ਜਿਨ੍ਹਾਂ ਨੂੰ ਲਾਹੁਣਾ ਜ਼ਰੂਰੀ ਹੁੰਦਾ ਹੈ। ਮੈਂ ਪੰਜਾਬ ਦੇ ਲੋਕਾਂ ਲਈ ਇਸੇ ਤਰ੍ਹਾਂ ਕੰਮ ਕਰਦਾ ਰਹਾਂਗਾ।

**ਸਵਾਲ- ਜੇ ਇਕ ਜ਼ਿਲ੍ਹੇ ਦਾ ਅਫਸਰ ਕੰਮ ਕਰ ਰਿਹਾ ਤਾਂ ਬਾਕੀ ਕਿੱਥੇ ਹਨ?**

ਜਵਾਬ- ਜੋਗੀ ਜੀ ! ਜੇ ਤੁਸੀ ਕੈਮਰੇ ਚੱਕ ਕੇ ਮੇਰੇ ਕੋਲ ਆਏ ਤਾਂ ਮੇਰੇ ਲਈ ਟਾਈਮ ਕੱਢਿਆ ਤਾਂ ਤੁਸੀ ਵੀ ਮੇਰੇ ਕੋਲ ਆਏ ਕਿਸੇ ਹੋਰ ਜ਼ਿਲ੍ਹੇ ਥੋੜੀ ਗਏ ਹੋ। ਤੁਸੀ ਵੀ ਇਹੀ ਲੱਭਦੇ ਹੋ ਕੀ ਜਿਹੜਾ ਬੰਦਾ ਵਧੀਆ ਕੰਮ ਕਰ ਰਿਹਾ ਅਸੀ ਉਸਨੂੰ ਲੋਕਾਂ ਦੇ ਸਾਹਮਣੇ ਲਿਆਈਏ। ਅਸੀ ਉਹ ਕੰਮ ਕਰਨਾ ਲੋਕ ਜਿਸ ਨੂੰ ਯਾਦ ਕਰਨ ਨਾ ਕਿ ਕੁਝ ਸਮੇਂ ਬਾਅਦ ਭੁੱਲ ਜਾਏ। ਇਸ ਲਈ ਇਸੇ ਤਰ੍ਹਾਂ ਅਸੀ ਕੰਮ ਕਰਦੇ ਰਹਿਣਾ ਹੈ।

**ਸਵਾਲ- ਸੇਵਾਮੁਕਤ ਹੋਣ ਤੋਂ ਬਾਅਦ ਕੀ ਕਰਨ ਦਾ ਸੁਪਨਾ ਹੈ?**

ਜਵਾਬ- ਮੇਰਾ ਇਕੋ ਹੀ ਏਜੰਡਾ ਹੈ ਬਸ ਲੋਕ ਸੇਵਾ। ਲੋਕਾਂ ਨੂੰ ਆਰਾਮ ਮਿਲੇ, ਜਿਥੇ-ਜਿਥੇ ਸਮੱਸਿਆਵਾਂ ਬਹੁਤ ਵੱਡੀਆਂ ਹਨ, ਬਸ ਉਨ੍ਹਾਂ ਨੂੰ ਖਤਮ ਕਰਨਾ ਹੈ। ਇਸ ਤਰ੍ਹਾਂ ਦਾ ਪਲੇਟਫਾਰਮ ਜਿਥੋਂ ਸਾਰੀ ਤਾਕਤ ਨੂੰ ਲੋਕਾਂ ਦੀ ਸੇਵਾ ਲਈ ਵਰਤ ਸਕਾਂ। ਤੁਹਾਡਾ ਇਕ ਫੋਨ ਜਾਵੇ ਤਾਂ ਕੰਮ ਇਕ ਮਿੰਟ 'ਚ ਹੋਣਾ ਚਾਹੀਦਾ ਹੈ ਉਹ ਵੀ ਸਹੀ। ਕੋਈ ਗਲਤ ਕੰਮ ਨਹੀ ਹੋਣਾ ਚਾਹੀਦਾ ਜੋ ਲੋਕਾਂ ਦੇ ਖਿਲਾਫ਼ ਹੋਵੇ। ਤੁਹਾਡਾ ਅਕਸ ਅਜਿਹਾ ਹੋਣਾ ਚਾਹੀਦਾ ਜੇ ਤੁਸੀ ਲੋਕਾਂ ਦੇ ਹਿੱਤ ਦੀ ਗੱਲ ਕੀਤੀ ਤਾਂ ਜਲਦ ਪੂਰੀ ਹੋਵੇ। ਬਾਕੀ ਲੋਕਾਂ ਨੂੰ ਕੁਝ ਕਰ ਕੇ ਦਿਖਾਉਣ ਬਹੁਤ ਜ਼ਰੂਰੀ ਹੁੰਦਾ ਹੈ ਨਹੀਂ ਤਾਂ ਲੋਕ ਲੀਡਰਾਂ ਨੂੰ ਘੇਰ ਲੈਂਦੇ ਹਨ।

# ਜ਼ਿੰਦਗੀ ਵਿਚ ਹਾਰ ਨਾ ਮੰਨਣਾ ਹੀ ਸ.ਫਲਤਾ ਦੀ ਨਿਸ਼ਾਨੀ

ਹਰ ਕੋਈ ਆਪਣੀ ਜ਼ਿੰਦਗੀ 'ਚ ਕਿਸੇ ਨਾ ਕਿਸੇ ਸਮੇਂ ਅਸਫਲਤਾ ਦਾ ਸਾਹਮਣਾ ਕਰਦਾ ਹੈ। ਹਾਲਾਂਕਿ ਬਹੁਤ ਸਾਰੇ ਲੋਕ ਆਪਣੀ ਨਾਕਾਮੀ ਨੂੰ ਪੂਰੀ ਤਰ੍ਹਾਂ ਹਾਰ ਮੰਨਦੇ ਹਨ, ਜਦੋਂਕਿ ਇਨ੍ਹਾਂ ਅਸਫਲਤਾਵਾਂ ਤੋਂ ਬਹੁਤ ਸਾਰੇ ਅਹਿਮ ਸਬਕ ਸਿੱਖਣ ਨੂੰ ਮਿਲਦੇ ਹਨ, ਜਿਨ੍ਹਾਂ ਨਾਲ ਅਸੀਂ ਜ਼ਿੰਦਗੀ 'ਚ ਬਹੁਤ ਅੱਗੇ ਵੱਧਦੇ ਹਾਂ। ਸਾਨੂੰ ਕਦੇ ਵੀ ਹਾਰ ਮੰਨ ਕੇ ਨਿਰਾਸ਼ ਨਹੀਂ ਹੋਣਾ ਚਾਹੀਦਾ।

ਹਰ ਕੋਈ ਆਪਣੀ ਜ਼ਿੰਦਗੀ 'ਚ ਕਿਸੇ ਨਾ ਕਿਸੇ ਸਮੇਂ ਅਸਫਲਤਾ ਦਾ ਸਾਹਮਣਾ ਕਰਦਾ ਹੈ। ਹਾਲਾਂਕਿ ਬਹੁਤ ਸਾਰੇ ਲੋਕ ਆਪਣੀ ਨਾਕਾਮੀ ਨੂੰ ਪੂਰੀ ਤਰ੍ਹਾਂ ਹਾਰ ਮੰਨਦੇ ਹਨ, ਜਦੋਂਕਿ ਇਨ੍ਹਾਂ ਅਸਫਲਤਾਵਾਂ ਤੋਂ ਬਹੁਤ ਸਾਰੇ ਅਹਿਮ ਸਬਕ ਸਿੱਖਣ ਨੂੰ ਮਿਲਦੇ ਹਨ, ਜਿਨ੍ਹਾਂ ਨਾਲ ਅਸੀਂ ਜ਼ਿੰਦਗੀ 'ਚ ਬਹੁਤ ਅੱਗੇ ਵੱਧਦੇ ਹਾਂ। ਸਾਨੂੰ ਕਦੇ ਵੀ ਹਾਰ ਮੰਨ ਕੇ ਨਿਰਾਸ਼ ਨਹੀਂ ਹੋਣਾ ਚਾਹੀਦਾ। ਸਗੋਂ ਹੋਰ ਮਿਹਨਤ ਕਰਨੀ ਚਾਹੀਦੀ ਹੈ। ਜ਼ਿੰਦਗੀ ਵਿੱਚ ਹਾਰ ਨਾ ਮੰਨਣਾ ਹੀ ਸਫ਼ਲਤਾ ਦੀ ਨਿਸ਼ਾਨੀ ਹੈ।

ਇੱਕ ਛੋਟੇ ਜਿਹੇ ਪਿੰਡ ਵਿੱਚ ਰਾਜੂ ਨਾਂ ਦਾ ਇੱਕ ਲੜਕਾ ਰਹਿੰਦਾ ਸੀ। ਉਹ ਦੌੜਨ ਦਾ ਬਹੁਤ ਸ਼ੌਕੀਨ ਸੀ। ਉਸ ਨੇ ਕਈ ਮੈਰਾਥਨ ਵਿੱਚ ਭਾਗ ਲਿਆ, ਪਰ ਕਦੇ ਕੋਈ ਦੌੜ ਨਹੀਂ ਜਿੱਤੀ ਸੀ। ਇੱਕ ਵਾਰ ਪਿੰਡ ਵਿੱਚ ਹੋਏ ਮੈਰਾਥਨ ਮੁਕਾਬਲੇ ਵਿੱਚ ਰਾਜੂ ਨੇ ਸੰਕਲਪ ਲਿਆ ਕਿ ਜੋ ਮਰਜ਼ੀ ਹੋ ਜਾਵੇ, ਇਸ ਵਾਰ ਉਹ ਦੌੜ ਜਿੱਤੇਗਾ। ਪਰ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਾਰੇ ਦੌੜਾਕ ਰਾਜੂ ਤੋਂ ਅੱਗੇ ਨਿਕਲ ਗਏ ਅਤੇ ਉਹ ਪਿੱਛੇ ਰਹਿ ਗਿਆ। ਥਕਾਵਟ ਕਾਰਨ ਉਹ ਠੀਕ ਤਰ੍ਹਾਂ ਤੁਰ ਵੀ ਨਹੀਂ ਸੀ ਸਕਦਾ। ਫਿਰ ਉਸ ਨੇ ਸੋਚਿਆ ਕਿ ਜੇ ਉਹ ਦੌੜ ਨਹੀਂ ਸਕਦਾ, ਤਾਂ ਕੀ, ਘੱਟੋ-ਘੱਟ ਉਹ ਤੁਰ ਤਾਂ ਸਕਦਾ ਹੈ। ਹੌਲੀ-ਹੌਲੀ ਉਹ ਆਪਣੇ ਟੀਚੇ ਵੱਲ ਵਧਣ ਲੱਗਾ ਪਰ ਰਾਜੂ ਜ਼ਿਆਦਾ ਦੂਰੀ ਨਹੀਂ ਤੈਅ ਕਰ ਸਕਿਆ ਅਤੇ ਅਚਾਨਕ ਜ਼ਮੀਨ 'ਤੇ ਡਿੱਗ ਗਿਆ। ਕੁਝ ਸਮੇਂ ਬਾਅਦ ਉਹ ਨਵੇਂ ਇਰਾਦੇ ਨਾਲ ਮੁੜ ਉੱਠਿਆ ਕਿ ਜੋ ਮਰਜ਼ੀ ਕਰ ਲਵੇ ਪਰ ਅੱਜ ਹੀ ਦੌੜ ਪੂਰੀ ਕਰ ਲਵੇਗਾ।

ਲਟਕਦੇ ਕਦਮਾਂ ਨਾਲ ਆਪਣੇ ਟੀਚੇ ਵੱਲ ਤੁਰ ਪਿਆ। ਕਿਸੇ ਤਰ੍ਹਾਂ ਉਸ ਨੇ ਉਹ ਦੌੜ ਪੂਰੀ ਕੀਤੀ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਰਾਜੂ ਦੌੜ ਹਾਰ ਗਿਆ ਸੀ ਪਰ ਹਾਰਨ ਤੋਂ ਬਾਅਦ ਵੀ ਉਸ ਦਾ ਆਤਮ-ਵਿਸ਼ਵਾਸ ਸਿਖ਼ਰਾਂ 'ਤੇ ਸੀ। ਉਸ ਦੀਆਂ ਲੱਤਾਂ ਵਿੱਚ ਦਰਦ ਅਤੇ ਬੇਅਰਾਮੀ ਦੇ ਬਾਵਜੂਦ, ਉਹ ਬਹੁਤ ਖ਼ੁਸ਼ ਸੀ ਕਿਉਂਕਿ ਉਸ ਨੇ ਹਾਰਨ ਤੋਂ ਬਾਅਦ ਵੀ ਆਪਣੀ ਲੜਾਈ ਜਿੱਤੀ ਸੀ।

ਜ਼ਿੰਦਗੀ ਵਿੱਚ ਸਾਨੂੰ ਬੜੀ ਵਾਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਅਸੀਂ ਉਨ੍ਹਾਂ ਦਾ ਸਾਹਮਣਾ ਕਰਨ ਦੀ ਬਜਾਏ ਪਹਿਲਾਂ ਹੀ ਹਾਰ ਮੰਨ ਲੈਂਦੇ ਹਾਂ। ਜ਼ਿੰਦਗੀ ਵਿੱਚ ਆਉਣ ਵਾਲੀ ਕਿਸੇ ਵੀ ਸਮੱਸਿਆ ਤੋਂ ਡਰੇ ਬਿਨ੍ਹਾਂ ਜੇ ਅਸੀਂ ਆਪਣੇ ਟੀਚੇ ਵੱਲ ਵੱਧਦੇ ਰਹੀਏ ਤਾਂ ਇੱਕ ਦਿਨ ਅਸੀਂ ਸਫਲਤਾ ਦੀ ਮੰਜ਼ਿਲ ਤੱਕ ਜ਼ਰੂਰ ਪਹੁੰਚ ਸਕਦੇ ਹਾਂ।

ਤੁਹਾਡਾ ਇਹ ਆਤਮ-ਵਿਸ਼ਵਾਸ ਤੁਹਾਨੂੰ ਸਫਲਤਾ ਦਿਵਾ ਸਕਦਾ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਆਮ ਤੋਂ ਖ਼ਾਸ ਬਣਾ ਸਕਦਾ ਹੈ। ਨਾਕਾਮੀ ਦੇ ਬਾਵਜੂਦ ਅਸੀਂ ਨਵੇਂ ਹੁਨਰ ਸਿੱਖਦੇ ਹਾਂ, ਨਵੀਆਂ ਯੋਜਨਾਵਾਂ ਬਣਾਉਂਦੇ ਹਾਂ ਤੇ ਨਵੇਂ ਸਮਝੌਤੇ ਕਰਦੇ ਹਾਂ। ਹਰ ਅਸਫਲਤਾ ਤੋਂ ਬਾਅਦ ਅਸੀਂ ਹੋਰ ਨਿੱਖਰ ਕੇ ਸਾਹਮਣੇ ਆਉਂਦੇ ਹਾਂ। ਇਹ ਸਿਖਾਉਣ ਦਾ ਕੁਦਰਤੀ ਤਰੀਕਾ ਹੈ। ਹਾਲਾਂਕਿ, ਜੇ ਇਸ ਸਮੇਂ ਤੁਹਾਡੀ ਜ਼ਿੰਦਗੀ ਵਿੱਚ ਕੋਈ ਨਾਕਾਮੀ ਆਈ ਹੈ, ਤਾਂ ਤੁਹਾਨੂੰ ਅਜੇ ਇਸ ਦਾ ਕੋਈ ਲਾਭ ਨਹੀਂ ਮਿਲੇਗਾ, ਪਰ ਸਮੇਂ ਦੇ ਨਾਲ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਇਸ ਦੀ ਮਹੱਤਤਾ ਕੀ ਹੈ। ਅਸਫਲਤਾਵਾਂ ਤੇ ਸਭ ਤੋਂ ਮਹੱਤਵਪੂਰਨ ਸਬਕ, ਤਜਰਬਾ ਹੁੰਦਾ ਹੈ। ਜਦੋਂ ਅਸੀਂ ਕੁਝ ਕਰਨ ਵਿੱਚ ਅਸਫਲ ਹੁੰਦੇ ਹਾਂ, ਤਾਂ ਅਸੀਂ ਇਸ ਦਾ ਅਨੁਭਵ ਕਰ ਲੈਂਦੇ ਹਾਂ, ਜੋ ਸਾਡੀ ਜ਼ਿੰਦਗੀ ਨੂੰ ਡੂੰਘਾਈ ਨਾਲ ਸਮਝਣ ਵਿੱਚ ਮਦਦ ਕਰਦਾ ਹੈ। ਸੱਚ ਕਹੀਏ ਤਾਂ ਤਜਰਬਾ ਤੁਹਾਨੂੰ ਆਪਣੀ ਅਸਫਲਤਾ ਤੋਂ ਮਿਲਦੇ ਹਨ, ਜਿਨ੍ਹਾਂ ਦਾ ਕੋਈ ਮੁੱਲ ਨਹੀਂ ਹੁੰਦਾ। ਜਦੋਂ ਅਸੀਂ ਅਸਫਲਤਾਵਾਂ ਨੂੰ ਪਿੱਛੇ ਛੱਡ ਦਿੰਦੇ ਹਾਂ ਤੇ ਸਫਲਤਾ ਦੇ ਰਾਹ 'ਤੇ ਅੱਗੇ ਵਧਦੇ ਹਾਂ ਤਾਂ ਸਾਡਾ ਆਤਮ-ਵਿਸ਼ਵਾਸ ਵੀ ਵੱਧਦਾ ਹੈ। ਵਾਰ-ਵਾਰ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨ ਤੋਂ ਬਾਅਦ ਕਿਸੇ ਵੀ ਮੁਸ਼ਕਲ ਸਥਿਤੀ 'ਤੇ ਕਾਬੂ ਪਾਉਣ ਦਾ ਵਿਸ਼ਵਾਸ ਵਧਦਾ ਹੈ।

ਇੱਕ ਕਹਾਵਤ ਹੈ ਕਿ ਅਸਫਲਤਾਵਾਂ ਜਾਂ ਤਾਂ ਤੁਹਾਨੂੰ ਬਰਬਾਦ ਕਰ ਦੇਣਗੀਆਂ ਜਾਂ ਤੁਹਾਨੂੰ ਜੀਵਤ ਕਰ ਦੇਣਗੀਆਂ। ਜਦੋਂ ਅਸੀਂ ਅਸਫਲ ਹੁੰਦੇ ਹਾਂ, ਅਸੀਂ ਆਪਣੀ ਜ਼ਿੰਦਗੀ ਦੀਆਂ ਤਰਜੀਹਾਂ ਨੂੰ ਵਿਚਾਰਦੇ ਹਾਂ ਅਤੇ ਆਪਣੀ ਜ਼ਰੂਰਤ ਮੁਤਾਬਕ ਤਬਦੀਲੀਆਂ ਕਰਦੇ ਹਾਂ ਤਾਂ ਜੋ ਅਸੀਂ ਜਿੰਨੀ ਜਲਦੀ ਹੋ ਸਕੇ ਆਪਣੇ ਟੀਚੇ 'ਤੇ ਪਹੁੰਚ ਸਕੀਏ। ਜ਼ਿੰਦਗੀ ਵਿੱਚ ਹਾਰ ਨਾ ਮੰਨਣਾ ਹੀ ਸਫਲਤਾ ਦੀ ਨਿਸ਼ਾਨੀ ਹੈ।

-ਗੌਰਵ ਮੁੰਜਾਲ

## 'ਆਪ' ਵੱਲੋਂ ਪਿੰਦਰ ਪੰਡੋਰੀ ਹਲਕਾ ਸ਼ਾਹਕੋਟ ਦੇ ਇੰਚਾਰਜ ਨਿਯੁਕਤ



ਸ਼ਾਹਕੋਟ (ਚਰਨਜੀਤ ਜੋਗੀ) : ਅੰਤਰਰਾਸ਼ਟਰੀ ਪੱਧਰ 'ਤੇ ਖੇਡਾਂ ਵਿੱਚ ਆਪਣਾ ਤੇ ਇਲਾਕੇ ਦਾ ਨਾਮ ਰੌਸ਼ਨ ਕਰਨ ਵਾਲੇ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਨੂੰ ਆਮ ਆਦਮੀ ਪਾਰਟੀ ਵੱਲੋਂ ਹਲਕਾ ਸ਼ਾਹਕੋਟ ਦਾ ਇੰਚਾਰਜ ਲਗਾਇਆ ਗਿਆ ਹੈ।

ਪਾਰਟੀ ਵੱਲੋਂ ਮਿਲੀ ਇਸ ਜ਼ਿੰਮੇਵਾਰੀ ਤੇ ਪਿੰਦਰ ਪੰਡੋਰੀ ਨੇ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਜੀਅ ਜਾਨ ਲਗਾ ਕੇ ਹਲਕੇ ਦੀ ਸੇਵਾ ਪਹਿਲਾਂ ਵਾਂਗ ਹੀ ਕਰਦੇ ਰਹਿਣਗੇ। ਉਹਨਾਂ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਵੀ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਦੇ ਹਰੇਕ ਆਗੂ ਤੇ ਵਰਕਰ ਨੂੰ ਨਾਲ ਲੈਕੇ ਚੱਲਣਗੇ। ਗੌਰਤਲਬ ਹੈ ਕਿ ਹਲਕਾ ਸ਼ਾਹਕੋਟ ਤੋਂ ਪਹਿਲਾਂ ਰਤਨ ਸਿੰਘ ਕਾਕੜ ਕਲਾਂ ਪਾਰਟੀ ਦੀ ਨੁਮਾਇੰਦਗੀ ਕਰਦੇ ਸਨ ਕੁਝ ਦੇਰ ਪਹਿਲਾਂ ਉਹਨਾਂ ਦਾ ਦਿਹਾਂਤ ਹੋ ਗਿਆ ਸੀ।

ਵਿਸ਼ੇਸ਼ ਮੁਲਾਕਾਤ

# ਮਿਹਨਤ ਅਤੇ ਦ੍ਰਿੜ੍ਹ ਨਿਸ਼ਚੇ ਨਾਲ ਕੁਮਾਰੀ ਸੁਨਾਲੀ ਕੌਲ ਬਣੇ ਜੱਜ





ਮੁਲਾਕਾਤੀ
ਚਰਨਜੀਤ ਜੋਗੀ
98729-06272



***ਜਲੰਧਰ-ਪੰਜਾਬੀ ਪਹਿਚਾਣ***

ਜਲੰਧਰ ਸ਼ਹਿਰ ਦੀ ਰਹਿਣ ਵਾਲੀ ਸੋਨਾਲੀ ਕੌਲ ਨੇ ਛੋਟੀ ਉਮਰ ਵਿੱਚ ਜੱਜ ਬਣ ਕੇ ਆਪਣੇ ਪੂਰੇ ਪਰਿਵਾਰ ਦਾ ਨਾਂ ਰੋਸ਼ਨ ਕੀਤਾ ਹੈ। ਆਦਮਪੁਰ ਦੇ ਜੰਡੂਸਿੰਘਾ ਪਿੰਡ ਦੀ ਰਹਿਣ ਵਾਲੀ ਸੋਨਾਲੀ ਆਪਣੇ ਪਰਿਵਾਰ ਵਿੱਚ ਸਭ ਤੋਂ ਛੋਟੀ ਹੈ। ਪਰਿਵਾਰ ਵਿਚ ਆਰਥਿਕ ਤੰਗੀਆਂ ਦੇ ਬਾਵਜੂਦ, ਸੋਨਾਲੀ ਨੇ ਆਪਣੀ ਕਾਨੂੰਨ ਦੀ ਪ੍ਰੈਕਟਿਸ ਪੂਰੀ ਕੀਤੀ ਅਤੇ ਨਿਆਂਪਾਲਿਕਾ ਦੀ ਪੜ੍ਹਾਈ ਕਰਨ ਤੋਂ ਬਾਅਦ ਜੱਜ ਬਣ ਗਈ। ਸੋਨਾਲੀ ਦੇ 6 ਭੈਣ-ਭਰਾ ਹਨ। ਸਾਰੇ ਕਾਨੂੰਨ ਦੀ ਪੜ੍ਹਾਈ ਕਰ ਰਹੇ ਹਨ। ਸੋਨਾਲੀ ਨੇ ਦੱਸਿਆ ਕਿ ਪਹਿਲਾਂ ਵਕੀਲ ਅਤੇ ਫਿਰ ਜੱਜ ਬਣਨ ਲਈ ਦਿਨ-ਰਾਤ ਪੜ੍ਹਾਈ ਕਰਨੀ ਪਈ। ਜਿਸ ਦਾ ਫਲ ਮਿਲਿਆ 'ਤੇ ਉਹ ਜੱਜ ਬਣ ਗਈ ਹੈ।ਲਾਈਵ ਪੰਜਾਬੀ ਟੀਵੀ ਦੇ ਐਡੀਟਰ ਚਰਨਜੀਤ ਸਿੰਘ ਜੋਗੀ ਨੇ ਜਲੰਧਰ ਦੇ ਪਿੰਡ ਜੰਡੂ ਸਿਘਾ 'ਚ ਰਹਿਣ ਵਾਲੀ ਸੋਨਾਲੀ ਕੌਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਉਨ੍ਹਾਂ ਦੀ ਸਿੱਖਿਆ ਤੇ ਜ਼ਿੰਦਗੀ ਬਾਰੇ ਗੱਲਬਾਤ ਕੀਤੀ।

**ਸਵਾਲ- ਜੱਜ ਬਣ ਕੇ ਕਿਵੇਂ ਮਹਿਸੂਸ ਹੋ ਰਿਹਾ ਹੈ?**

**ਜਵਾਬ**-ਸਰ ! ਬਹੁਤ ਵਧੀਆਂ ਮਹਿਸੂਸ ਹੋ ਰਿਹਾ ਹੈ। ਮੇਰੇ ਪਰਿਵਾਰ 'ਚ ਤਾਂ ਖੁਸ਼ੀ ਦੀ ਲਹਿਰ ਹੈ ਪਰ ਇਸ ਦੇ ਨਾਲ ਮੇਰੇ ਲਈ ਬੜੀ ਮਾਣ ਦੀ ਗੱਲ ਹੈ ਕਿ ਮੈਨੂੰ ਜਲੰਧਰ ਸ਼ਹਿਰ ਦੇ ਛੋਟੇ ਜਿਹੇ ਕਸਬੇ ਜੰਡੂ ਸਿਘਾ ਦਾ ਨਾਮ ਰੋਸ਼ਨ ਕੀਤਾ। ਪੂਰਾ ਪਿੰਡ ਮੇਰੇ 'ਤੇ ਮਾਣ ਕਰ ਰਿਹਾ ਹੈ ਤੇ ਜੰਡੂ ਸਿੰਘਾ ਨੂੰ ਪਹਿਲਾ ਜੱਜ ਮਿਲਿਆ ਹੈ। ਜਿਸ ਦਿਨ ਨਤੀਜਾ ਆਇਆ ਪੂਰੇ ਪਿੰਡ 'ਚ ਢੋਲ ਵਜਿਆ , ਜਿਸ ਕਾਰਨ ਮੈਨੂੰ ਬਹੁਤ ਖੁਸ਼ੀ ਹੋਈ।

**ਸਵਾਲ- ਜੱਜ ਬਣਨ ਲਈ ਕਿਹੜੀਆਂ ਔਕੜਾਂ ਦਾ ਸਾਹਮਣਾ ਕੀਤਾ?**

**ਜਵਾਬ**- ਜਦੋਂ ਕਿਸੇ ਵਿਦਿਆਰਥੀ ਵੱਲੋਂ ਕੋਈ ਮੁਕਾਮ ਹਾਸਲ ਕਰਨਾ ਹੋਵੇ ਤਾਂ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ। ਕਿਸੇ ਨੂੰ ਵਿੱਤੀ ਤੇ ਕਿਸੇ ਨੂੰ ਸਿਹਤ ਨਾਲ ਸਬੰਧਤ ਜਾਂ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਬਾਰੇ ਅਸੀ ਸੋਚ ਵੀ ਨਹੀਂ ਸਕਦੇ। ਮੇਰੀ ਕੋਈ ਨਵੀਂ ਕਹਾਣੀ ਨਹੀਂ ਇਹ ਹਰ ਇਕ ਘਰ ਦੀ ਕਹਾਣੀ ਹੈ। ਜੇ ਮੈਂ ਆਪਣੀ ਨਿੱਜੀ ਗੱਲ ਕਰਾ ਤਾਂ ਅਸੀ ਬਹੁਤ ਗਰੀਬੀ ਦੇ ਦੌਰ 'ਚੋਂ ਨਿਕਲੇ ਹਾਂ। ਪਰ ਸਾਡਾ ਪਿਛੋਕੜ ਸ਼ੁਰੂ ਤੋਂ ਵਿਦਿਆ ਨਾਲ ਜੁੜਿਆ ਹੈ। ਸਾਡਾ ਪਿਤਾ ਜੀ ਸ਼ੁਰੂ ਤੋਂ ਇਕ ਸਕੂਲ ਚਲਾ ਰਹੇ ਸਨ। ਸਾਡੀ ਸਕੂਲਿੰਗ ਉਥੋ ਸ਼ੁਰੂ ਹੋਈ ਹੈ। ਇਸ ਸਕੂਲ ਦਾ ਮਕਸਦ ਇਹੀ ਸੀ ਕਿ ਗਰੀਬ ਤੇ ਲੋੜਵੰਦ ਬੱਚੇ ਇਥੇ ਸਿੱਖਿਆ ਪ੍ਰਾਪਤ ਕਰਨ। ਓਹੀ ਜਜਬਾ ਸਾਡੇ ਮਾਪਿਆਂ ਨੇ ਸਾਡੇ 'ਚ ਪੈਦਾ ਹੋਇਆ। ਪੈਸਿਆਂ ਦੀ ਕਮੀ ਕਾਰਨ 20-22 ਸਾਲ ਬਾਅਦ ਸਕੂਲ ਬੰਦ ਕਰਨਾ ਪਿਆ। ਫਿਰ ਸਾਨੂੰ ਦੂਜੇ ਸਕੂਲਾਂ 'ਚ ਜਾਣਾ ਪਿਆ। ਅੱਠਵੀ ਤੋਂ ਬਾਅਦ ਨਿੱਜੀ ਸਕੂਲਾਂ 'ਚ ਪੜ੍ਹਾਈ ਕੀਤੀ। ਬੱਚਿਆਂ ਨੂੰ ਟਿਊਸ਼ਨਾਂ ਪੜ੍ਹਾ ਕੇ 50-50 ਰੁਪਏ ਇਕੱਠੇ ਕੀਤੇ ਤੇ ਆਪਣੀਆਂ ਫੀਸਾਂ ਤਾਰੀਆਂ।

**ਸਵਾਲ-ਵਕਾਲਤ ਕਰਨ ਬਾਰੇ ਕਿਵੇਂ ਮਨ 'ਚ ਖਿਆਲ ਆਇਆ?**

**ਜਵਾਬ**-ਦਾਦਾ ਤੇ ਦਾਦੀ ਜੀ ਦਾ ਸੁਪਣਾ ਸੀ ਕਿ ਪਾਪਾ ਲਾਅ ਕਰਨ ਪਰ ਦਾਦੀ ਜੀ ਦਾ ਦੇਹਾਂਤ ਜਲਦੀ ਹੋ ਗਿਆ ਤੇ ਪਾਪਾ ਦੀ ਉਮਰ ਛੋਟੀ ਸੀ। ਜ਼ਿੰਮੇਵਾਰੀਆਂ ਕਾਰਨ ਉਹ ਨਹੀਂ ਕਰ ਪਾਏ। ਫਿਰ ਜਦੋਂ ਮੈਨੂੰ ਪਤਾ ਲੱਗਾ ਤਾਂ ਮਨ 'ਚ ਆਇਆ ਕਿ ਕਿਸੇ ਦਾ ਤਾਂ ਸੁਪਣਾ ਪੂਰਾ ਕਰਨਾ ਚਾਹੀਦਾ ਹੈ। ਫਿਰ ਮੈਂ ਮਨ ਬਣਾ ਲਿਆ ਕਿ ਮੈਂ ਲਾਅ ਹੀ ਕਰਨਾ ਹੈ। ਪਰ ਦਿੱਕਤ ਫਿਰ ਓਹੀ ਪੈਸੇ ਕਿਥੋ ਆਉਣਗੇ। ਪਹਿਲਾਂ ਜੀਐਨਡੀਯੂ ਪਤਾ ਕੀਤਾ ਪਰ ਓਥੇ ਫੀਸ ਜ਼ਿਆਦਾ ਸੀ। ਫਿਰ ਕਿਸੇ ਨੇ ਦੱਸਿਆ ਸੇਂਟ ਸੋਲਜਰ ਲਾਅ ਕਲਾਜ 'ਚ ਪਤਾ ਕਰੋ। ਜਦੋਂ ਓਥੇ ਪਤਾ ਕੀਤਾ ਤਾਂ ਆਉਣ ਜਾਣ ਦਾ ਖਰਚਾ ਫਰੀ ਸੀ। ਪਰ ਗੱਲ ਫਿਰ ਓਹੀ ਫੀਸ ਕਿਥੋ ਦੇਣੀ। ਮੇਰੇ 12ਵੀਂ 'ਚ ਵਧੀਆਂ ਅੰਕ ਹੋਣ ਕਾਰਨ ਕਾਲਜ ਵੱਲੋਂ ਸਕਾਲਰਸ਼ਿਪ ਦਿੱਤੀ ਗਈ। ਫਿਰ ਇਸੇ ਤਰ੍ਹਾਂ ਪਰਮਾਤਮਾ ਕੜੀ ਨਾਲ ਕੜੀ ਜੋੜਦਾ ਗਿਆ ਤੇ ਰਾਹ ਪੱਧਰੇ ਹੁੰਦੇ ਗਏ।

**ਸਵਾਲ- ਕਦੀ ਅਜਿਹਾ ਸਮਾਂ ਵੀ ਆਇਆ ਪੜ੍ਹਾਈ ਅੱਧ ਵਿਚਾਲੇ ਛੱਡ ਦਿਓ?**

**ਜਵਾਬ**- ਜਦੋਂ ਸਕੂਲ ਬੰਦ ਹੋਇਆ ਫਿਰ ਲਾਅ ਦੀ ਪੜ੍ਹਾਈ ਸ਼ੁਰੂ ਕੀਤੀ ਤਾਂ ਮੈਂ ਆਪਣੇ ਪਾਪਾ ਨੂੰ ਕਿਹਾ ਸੀ ਜੇ ਮੈਨੂੰ ਕਿਤਾਬਾਂ ਮਿਲ ਜਾਣ ਤਾਂ ਮੈਂ ਹੋਰ ਵੀ ਵਧੀਆ ਨੰਬਰ ਲੈ ਸਕਦੀ ਹਾਂ। ਇਹ ਗੱਲ ਪਾਪਾ ਨੇ ਮਨ ਨੂੰ ਲਗਾ ਲਈ। ਫਿਰ ਪਾਪਾ ਨੇ ਕਿਹਾ ਜੋ ਮਰਜ਼ੀ ਹੋਵੇ ਮੈਂ ਆਪਣੀ ਧੀ ਨੂੰ ਪੜ੍ਹਾਉਣਾ ਹੈ। ਇਸ ਤੋਂ ਬਾਅਦ ਪਾਪਾ ਨੇ ਮਜਬੂਰੀ 'ਚ ਡਰਾਇਵਰੀ ਕੀਤੀ। ਉਨ੍ਹਾਂ ਨੂੰ ਇਹ ਕੰਮ ਪਸੰਦ ਨਹੀਂ ਸੀ ਪਰ ਮੇਰੀ ਪੜ੍ਹਾਈ ਲਈ ਉਨ੍ਹਾਂ ਨੇ ਇਸਦੀ ਵੀ ਪਰਵਾਹ ਨਹੀਂ ਕੀਤੀ।

**ਸਵਾਲ- ਵਕਾਲਤ ਕਰਨ ਤੋਂ ਬਾਅਦ ਜੱਜ ਬਣਨ ਵਲ ਕਿਵੇਂ ਕਦਮ ਵਧੇ?**

**ਜਵਾਬ**-ਸਰ ! ਗੱਲ ਇੰਦਾ ਹੈ ਕਿ ਲਾਅ ਦੀ ਪੜ੍ਹਾਈ ਮੈਂ ਪਾਪਾ ਕਰਕੇ ਕੀਤੀ ਪਰ ਲਾਅ ਨੂੰ ਪ੍ਰੈਕਟਿਸ ਕਰਨ ਇਹ ਕਦੀ ਨਹੀਂ ਸੀ ਸੋਚਿਆ। ਇਹ ਸੋਚ ਅਸੀ ਡਰ ਜਾਂਦੇ ਸੀ ਕਿ ਕੋਰਟ 'ਚ ਵਕੀਲ ਬਣ ਕੇ ਨਹੀਂ ਜਾਣਾ ਕਿਉਂਕਿ ਇਹ ਮੈਨੂੰ ਪਸੰਦ ਨਹੀਂ ਸੀ। ਮੇਰਾ ਸੁਭਾਅ ਜ਼ਿਆਦਾ ਚੁੱਪ ਰਹਿਣ ਵਾਲਾ ਹੈ। ਕਦੇ ਕਿਸ ਨਾਲ ਬਹਿਸਬਾਜੀ ਕਰਨਾ ਬਿਲਕੁਲ ਵੀ ਪਸੰਦ ਨਹੀਂ ਹੈ। ਨਾ ਹੀ ਅੱਜ ਤੱਕ ਮੈਂ ਕਿਸੇ ਨਾਲ ਕੋਈ ਬਹਿਸ ਕੀਤੀ।

**ਸਵਾਲ- ਹੁਣ ਜੱਜ ਬਣ ਗਏ ਹੋ ਬੋਲਣਾ ਤਾਂ ਪਵੇਗਾ। ਇਸ ਬਾਰੇ ਕੀ ਕਹੋਗੇ?**

**ਜਵਾਬ**- ਪਹਿਲਾਂ ਤਾਂ ਸਰ ਮੈਂ ਕੇਸ ਨੂੰ ਚੰਗੀ ਤਰ੍ਹਾਂ ਸੁਣ ਕੇ ਉਸਦੇ ਹਰ ਪਹਿਲੂ ਨੂੰ ਘੋਖ ਕੇ ਜੋ ਫੈਸਲਾ ਆਵੇਗਾ ਉਹ ਦੇਵਾਂਗੀ। ਮੇਰੀ ਇਹੀ ਕੋਸ਼ਿਸ਼ ਹੋਵੇਗੀ ਕਿ ਕਿਸੇ ਬੇਕਸੂਰ ਨੂੰ ਸਜ਼ਾ ਨਾ ਹੋਵੇ।

**ਸਵਾਲ- ਜਿਨ੍ਹਾਂ ਦਾ ਸੁਪਨਾ ਪੂਰਾ ਕਰਨ ਲਈ ਮਿਹਨਤ ਕੀਤੀ, ਉਹ ਨਾਲ ਨਹੀਂ, ਕਿਵੇਂ ਮਹਿਸੂਸ ਕੀਤਾ?**

**ਜਵਾਬ**-ਜਦੋਂ ਮੈਂ ਲਾਅ ਕਰਦੀ ਸੀ ਤਾਂ ਜਦੋਂ ਵੀ ਨਤੀਜਾ ਆਉਂਦਾ ਸੀ ਤਾਂ ਮੈਂ ਭੱਜ ਕੇ ਆਪਣੇ ਦਾਦਾ ਜੀ ਨੂੰ ਸਭ ਤੋਂ ਪਹਿਲਾਂ ਦਸਦੀ ਹੁੰਦੀ ਸੀ। ਕਿਉਂਕਿ ਉਨ੍ਹਾਂ ਨੂੰ ਬਹੁਤ ਚਾਅ ਹੁੰਦਾ ਸੀ ਮੈਂ ਜੱਜ ਬਣਾ। ਦਾਦਾ ਜੀ 8 ਭਰਾ ਸਨ। ਸਾਰਿਆਂ ਦਾ ਇਹੀ ਸੁਪਨਾ ਸੀ ਕਿ ਸਾਡੇ ਘਰੋ ਕੋਈ ਜੱਜ ਬਣੇ। ਮੈਂ ਜੱਜ ਤਾਂ ਬਣ ਗਈ ਪਰ ਮੈਨੂੰ ਦਾਦਾ ਜੀ ਦੀ ਬਹੁਤ ਯਾਦ ਆ ਰਹੀ ਹੈ। ਸਾਰਾ ਪਰਿਵਾਰ ਉਨ੍ਹਾਂ ਨੂੰ ਯਾਦ ਕਰ ਰਿਹਾ ਹੈ। ਜੇਕਰ ਉਹ ਹੁੰਦੇ ਦਾ ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਹੋਣਾ ਸੀ।

**ਸਵਾਲ- ਜਦੋਂ ਜੱਜ ਬਣ ਕੇ ਘਰ ਆਏ ਮਾਪਿਆਂ ਦੇ ਚਿਹਰੇ 'ਤੇ ਖੁਸ਼ੀ ਵੱਖਰੀ ਹੋਣੀ?**

**ਜਵਾਬ**-ਜਿਹੜੇ ਮਾਪੇ ਸ਼ੁਰੂ ਤੋਂ ਇਤਜਾਰ ਕਰਦੇ ਹੋਣ ਅਜਿਹੀ ਖ਼ਬਰ ਸਾਨੂੰ ਸੁਣਨ ਨੂੰ ਮਿਲੇ ਤਾਂ ਤੁਸੀ ਸੋਚ ਸਕਦੇ ਹੋਣੇ ਕਿ ਉਹ ਕਿੰਨ ਖੁਸ਼ ਹੋਣਗੇ। ਜੇਕਰ ਮੈਂ ਮਾਂ ਦੀ ਗੱਲ ਕਰਾਂ ਤਾਂ ਜਦੋਂ ਮੈਂ ਹੋਸ਼ ਸੰਭਾਲੀ ਹੈ ਉਨ੍ਹਾਂ ਨੇ ਕਦੀ ਖੁਸ਼ੀ ਦਾ ਦਿਨ ਦੇਖਿਆ ਹੀ ਨਹੀਂ। ਉਨ੍ਹਾਂ ਲਈ ਇਹ ਦੁਨੀਆਂ ਦੀ ਸਭ ਤੋਂ ਵੱਡੀ ਖੁਸ਼ੀ ਸੀ।

**ਸਵਾਲ- ਭ੍ਰਿਸ਼ਟਾਚਾਰ ਨੂੰ ਕਿਵੇਂ ਦੇਖਦੇ ਹੋ?**

**ਜਵਾਬ**- ਭ੍ਰਿਸ਼ਟਾਚਾਰ ਦੀ ਗੱਲ ਕਰੀਏ ਤਾਂ ਹਰ ਵਿਭਾਗ 'ਚ ਇਹ ਦੇਖਣ ਨੂੰ ਮਿਲਦਾ ਹੈ। ਪਰ ਮੇਰੇ ਹਿਸਾਬ ਨਾਲ ਜੇਕਰ ਨਿਆਂਇਕ ਖੇਤਰ ਦੀ ਗੱਲ ਕਰੀਏ ਤਾਂ ਇਸ 'ਚ ਇਹ ਚੀਜ਼ ਨਹੀਂ ਦੇਖਣ ਨੂੰ ਮਿਲਦੀ। ਸਾਡੇ ਜਿਹੜੇ ਜੇਪੀ ਸਰ ਹਨ, ਜਿਨ੍ਹਾਂ ਨੇ ਮੈਨੂੰ ਪੜ੍ਹਾਇਆ ਇਸ ਮੁਕਾਮ 'ਤੇ ਪਹੁੰਚਾਇਆ। ਉਨ੍ਹਾਂ ਦੇ ਮੁੱਖ ਮਕਸਦ ਇਹ ਹੈ ਕਿ ਮੇਰੇ ਬਣਾਏ ਜੱਜ ਹਮੇਸ਼ਾ ਇਮਾਨਦਾਰੀ ਨਾਲ ਕੰਮ ਕਰਨ। ਇਸੇ ਕਰ ਕੇ ਸਾਨੂੰ ਸਹੁੰ ਵੀ ਚਕਾਉਂਦੇ ਹਨ।



# ਫੁੱਟਬਾਲ ਦੇ ਜਾਦੂਗਰ ਮੈਰਾਡੋਨਾ ਦਾ ਅਸਰ

ਅੱਜ ਦੀ ਦੁਨੀਆਂ ਵਿੱਚ ਫੁੱਟਬਾਲ ਦੇ ਜਿੰਨੇ ਵੀ ਸਟਾਰ ਖਿਡਾਰੀ ਹਨ ਇਹ ਸਭ ਮੈਰਾਡੋਨਾ ਦੀ ਖੇਡ ਦੇ ਪ੍ਰਸ਼ੰਸਕ ਬਣ ਕੇ ਹੀ ਮੈਦਾਨ ਵਿੱਚ ਆਏ ਸਨ ਅਤੇ ਮੈਰਾਡੋਨਾ ਦੀ ਦੁਨੀਆਂ ਭਰ ਵਿੱਚ ਲੱਖਾਂ ਕਰੋੜਾਂ ਫੁੱਟਬਾਲ ਖਿਡਾਰੀਆਂ ਦੇ ਆਦਰਸ਼ ਰਹੇ ਹਨ ਅਤੇ ਹੁਣ ਵੀ ਹਨ। ਕਿਸੇ ਵੇਲੇ, ਫੁੱਟਬਾਲ ਵਿੱਚ ਆਮ ਤੌਰ ਉੱਤੇ ਉੱਚੇ ਲੰਮੇ ਖਿਡਾਰੀ ਹੀ ਫ਼ਾਰਵਰਡ ਵਜੋਂ ਕਾਮਯਾਬ ਮੰਨੇ ਜਾਂਦੇ ਸਨ ਪਰ ਪੰਜ ਫੁੱਟ ਪੰਜ ਇੰਚ ਦੀ ਲੰਬਾਈ ਵਾਲੇ ਮੈਰਾਡੋਨਾ ਨੇ ਇਸ ਪਿਰਤ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਕਲਾਤਮਕਤਾ ਰਾਹੀਂ ਖੇਡ ਅਤੇ ਖਿਡਾਰੀਆਂ ਨੂੰ ਵੇਖਣ ਦਾ ਆਲੋਚਕਾਂ ਦਾ, ਲੋਕਾਂ ਦਾ, ਨਜ਼ਰੀਆ ਵੀ ਬਦਲ ਦਿੱਤਾ ਸੀ। ਹੁਣ ਇਸੇ ਗੱਲ ਨੂੰ ਪੂਰਾ ਫੁੱਟਬਾਲ ਜਗਤ ਮੰਨਦਾ ਹੈ। ਮੈਰਾਡੋਨਾ ਦੀ ਯਾਦ ਵਿੱਚ ਅਰਜਨਟੀਨਾ ਦੇਸ਼ ਅੰਦਰ 3 ਦਿਨ ਦੇ ਰਾਸ਼ਟਰੀ ਸੋਗ ਦਾ ਐਲਾਨ ਇਸ ਗੱਲ ਦਾ ਸਬੂਤ ਹੈ ਕਿ ਦੇਸ਼ ਅੰਦਰ ਉਨਾਂ ਨੂੰ ਇੱਕ ਦੇਵਤਾ ਵਾਂਗ ਪੂਜਿਆ ਜਾਂਦਾ ਸੀ। ਸਿਰਫ ਅਰਜਨਟੀਨਾ ਹੀ ਨਹੀਂ, ਦੁਨੀਆ ਭਰ ਦੇ ਫੁੱਟਬਾਲ ਪ੍ਰੇਮੀਆਂ ਵਿਚ ਅਤੇ ਸੋਸ਼ਲ ਮੀਡੀਆ ਉੱਤੇ ਵੀ ਇਸ ਮਹਾਨ ਫੁੱਟਬਾਲਰ ਨੂੰ ਸ਼ਰਧਾਂਜਲੀਆਂ ਦਾ ਤਾਂਤਾ ਲੱਗ ਗਿਆ ਸੀ।

ਮੈਰਾਡੋਨਾ ਫੁੱਟਬਾਲ ਦੇ ਮੈਦਾਨ ਵਿੱਚ 'ਡ੍ਰਿਬਲਿੰਗ' ਦੀ ਕਲਾ ਵਿਖਾਉਣ ਵਾਲੇ ਸ਼ੁਰੂਆਤੀ ਖਿਡਾਰੀਆਂ ਵਿੱਚੋਂ ਸਨ। ਮੈਰਾਡੋਨਾ ਦੇ ਫੁੱਟਬਾਲ ਜੀਵਨ ਵਿੱਚ ਉਜ ਤਾਂ ਇੱਕ ਤੋਂ ਵਧ ਕੇ ਇੱਕ ਪ੍ਰਾਪਤੀ ਦਰਜ ਹੈ ਪਰ ਮੈਰਾਡੋਨਾ ਦੇ ਫੁੱਟਬਾਲ ਜੀਵਨ ਦੀ ਸਿਖਰ ਓਹ ਸੀ ਜਦੋਂ ਉਨਾਂ ਨੇ ਸਾਲ 1986 ਦੇ ਵਿਸ਼ਵ ਕੱਪ ਵਿੱਚ ਅਰਜਨਟੀਨਾ ਦੀ ਖਿਤਾਬੀ ਜਿੱਤ ਲਈ ਮੁੱਖ ਭੂਮਿਕਾ ਨਿਭਾਈ ਸੀ। ਇਸ ਟੂਰਨਾਮੈਂਟ ਦੌਰਾਨ ਮੈਰਾਡੋਨਾ ਨੇ ਇੱਕ ਗੋਲ ਅਜਿਹਾ ਕੀਤਾ ਸੀ ਜਿਹੜਾ ਵਿਵਾਦ ਦੇ ਘੇਰੇ ਵਿੱਚ ਆ ਗਿਆ ਸੀ ਕਿਉਂਕਿ ਇਹ ਦੋਸ਼ ਲੱਗਾ ਸੀ ਕਿ ਬਾਲ ਉਨਾਂ ਦੇ ਹੱਥ ਨੂੰ ਛੋਹ ਕੇ ਗੋਲ ਵਿੱਚ ਗਈ ਸੀ ਅਤੇ ਇਸੇ ਲਈ ਇਸ ਗੋਲ ਨੂੰ 'ਹੈਂਡ ਆਫ ਗੌਡ' ਦਾ ਨਾਂਅ ਦਿੱਤਾ ਗਿਆ ਸੀ ਭਾਵ ਰੱਬ ਦੀ ਕਿਰਪਾ ਵਾਲੇ ਹੱਥ ਕਰਕੇ ਹੀ ਇਹ ਗੋਲ ਪੜਿਆ ਸੀ ਕਿਉਂਕਿ ਰੈਫਰੀ ਇਸ ਚੀਜ਼ ਨੂੰ ਨੋਟ ਨਹੀਂ ਸੀ ਕਰ ਸਕਿਆ। ਅਰਜਨਟੀਨਾ ਨੇ ਇਸੇ ਗੋਲ ਦੀ ਮਦਦ ਨਾਲ ਕੁਆਰਟਰਫ਼ਾਈਨਲ ਵਿੱਚ ਇੰਗਲੈਂਡ ਨੂੰ ਹਰਾ ਕੇ ਟੂਰਨਾਮੈਂਟ ਤੋਂ ਬਾਹਰ ਕਰ ਦਿੱਤਾ ਸੀ ਅਤੇ ਅੱਗੇ ਜਾ ਕੇ ਵਿਸ਼ਵ ਕੱਪ ਜਿੱਤਿਆ ਸੀ ਜੋ ਅਰਜਨਟੀਨਾ ਦਾ ਹੁਣ ਤੱਕ ਦਾ ਦੂਜਾ ਅਤੇ ਆਖਰੀ ਵਿਸ਼ਵ ਕੱਪ ਖਿਤਾਬ ਸੀ। ਜਦੋਂ ਅਰਜਨਟੀਨਾ ਨੇ ਵਿਸ਼ਵ ਕੱਪ ਆਪਣੇ ਨਾਂਅ ਕੀਤਾ ਸੀ ਤਾਂ ਉਸ ਵੇਲੇ ਉਹ ਟੀਮ ਦੇ ਕਪਤਾਨ ਵੀ ਸਨ। ਇਸੇ ਟੂਰਨਾਮੈਂਟ ਦੇ ਓਹ ਸਭ ਤੋਂ ਵਧੀਆ ਖਿਡਾਰੀ ਵੀ ਐਲਾਨੇ ਗਏ ਸਨ। ਆਪਣੇ ਪਿਆਰੇ ਦੇਸ਼ ਅਰਜਨਟੀਨਾ ਲਈ ਖੇਡਦਿਆਂ ਮੈਰਾਡੋਨਾ ਨੇ 1977 ਤੋਂ ਲੈ ਕੇ ਸੰਨ 1994 ਤੱਕ 91 ਮੈਚਾਂ ਵਿੱਚ ਕੁੱਲ 34 ਗੋਲ ਕੀਤੇ ਸਨ। ਸੰਨ 1978 ਤੋਂ ਲੈ ਕੇ ਸੰਨ 1994 ਤੱਕ ਉਨ੍ਹਾਂ ਨੇ 4 ਫੀਫਾ ਵਿਸ਼ਵ ਕੱਪ ਟੂਰਨਾਮੈਂਟ ਖੇਡੇ। ਮੈਰਾਡੋਨਾ ਨੂੰ ਫ਼ੀਫ਼ਾ ਵੱਲੋਂ ਸਦੀ ਦਾ ਸਭ ਤੋਂ ਵਧੀਆ ਖਿਡਾਰੀ ਦਾ ਸਨਮਾਨ ਵੀ ਦਿੱਤਾ ਜਾ ਚੁੱਕਿਆ ਹੈ। ਉਨ੍ਹਾਂ ਨੇ ਵਿਸ਼ਵ ਕੱਪ ਦਾ ਵੱਕਾਰੀ 'ਗੋਲਡਨ ਬਾਲ' ਐਵਾਰਡ, ਸਾਲ ਦੇ ਦੁਨੀਆਂ ਦੇ ਸਭ ਤੋਂ ਵਧੀਆ ਖਿਡਾਰੀ ਵਾਲਾ 'ਬੈਲੋਨ-ਡ-ਓਰ' ਐਵਾਰਡ ਅਤੇ 2 ਵਾਰ ਦੱਖਣੀ ਅਮਰੀਕੀ ਮਹਾਂਦੀਪ ਦਾ ਸਭ ਤੋਂ ਵਧੀਆ ਖਿਡਾਰੀ ਬਣਨ ਦਾ ਐਵਾਰਡ ਅਤੇ ਕੁੱਲ 6 ਵਾਰ ਰਾਸ਼ਟਰੀ ਫੁੱਟਬਾਲ ਲੀਗ ਸੀਜ਼ਨ ਵਿੱਚ ਸਭ ਤੋਂ ਵਧੇਰੇ ਗੋਲ ਕਰਨ ਦਾ ਖਿਤਾਬ ਵੀ ਜਿੱਤਿਆ ਸੀ ਜੋ ਆਪਣੇ ਆਪ ਵਿੱਚ ਇੱਕ ਵੱਡਾ ਰਿਕਾਰਡ ਹੈ।

ਮੈਰਾਡੋਨਾ ਦੇ ਕਲੱਬ ਫੁੱਟਬਾਲ ਜੀਵਨ ਦੀ ਗੱਲ ਹੋਵੇ ਤਾਂ ਇੱਥੇ ਵੀ ਉਨਾਂ ਚੋਟੀ ਦੇ ਕਲੱਬਾਂ ਲਈ ਚੋਟੀ ਦੀ ਖੇਡ ਵਿਖਾਈ। ਮੈਰਾਡੋਨਾ ਨੇ ਬੋਕਾ ਜੂਨੀਅਰਜ਼, ਨਾਪੋਲੀ ਅਤੇ ਬਾਰਸੀਲੋਨਾ ਵਰਗੇ ਕਲੱਬਾਂ ਵਿੱਚ ਰਹਿੰਦਿਆਂ ਸ਼ਾਨਦਾਰ ਖੇਡ ਵਿਖਾਈ ਅਤੇ ਇਨਾਂ ਕਲੱਬਾਂ ਦਾ ਮੁਕਾਮ ਵੀ ਉੱਚਾ ਚੁੱਕ ਦਿੱਤਾ। ਮੈਰਾਡੋਨਾ ਨੇ ਸੰਨ 1981-1982 ਦੌਰਾਨ ਬੋਕਾ ਜੂਨੀਅਰਜ਼ ਕਲੱਬ ਲਈ ਖੇਡਦੇ ਹੋਏ 40 ਮੈਚਾਂ ਵਿੱਚ 28 ਗੋਲ ਕੀਤੇ, 1982-1984 ਤੱਕ ਬਾਰਸੀਲੋਨਾ ਲਈ 36 ਮੈਚਾਂ ਵਿੱਚ 22 ਗੋਲ, 1984 ਤੋਂ 1991 ਤੱਕ ਇਟਲੀ ਦੇ ਕਲੱਬ ਨਾਪੋਲੀ ਲਈ 188 ਮੈਚਾਂ ਵਿੱਚ ਕੁੱਲ 81 ਗੋਲ ਕੀਤੇ ਅਤੇ ਸਭ ਤੋਂ ਜ਼ਿਆਦਾ ਪਿਆਰ ਇਸ ਕਲੱਬ ਵਿੱਚ ਹਾਸਲ ਕੀਤਾ। ਇੱਕ-ਦੋ ਹੋਰ ਕਲੱਬਾਂ ਵਿੱਚ ਕੁੱਝ ਸਮਾਂ ਰਹਿਣ ਮਗਰੋਂ ਮੈਰਾਡੋਨਾ ਸੰਨ 1995 ਤੋਂ ਲੈ ਕੇ 1997 ਆਪਣੇ ਪਹਿਲੇ ਕਲੱਬ ਬੋਕਾ ਜੂਨੀਅਰਜ਼ ਮੁੜੇ ਅਤੇ ਇੱਥੇ 30 ਮੈਚਾਂ ਵਿੱਚ 7 ਗੋਲ ਕਰਨ ਮਗਰੋਂ ਸੰਨਿਆਸ ਲੈ ਕੇ ਕੋਚਿੰਗ ਵੱਲ ਰੁਖ਼ ਕੀਤਾ। ਕੁੱਲ ਮਿਲਾ ਕੇ ਮੈਰਾਡੋਨਾ ਨੇ ਆਪਣੇ ਜੀਵਨ ਵਿੱਚ 597 ਮੈਚਾਂ ਵਿੱਚ 301 ਗੋਲ ਕੀਤੇ।

ਮੈਰਾਡੋਨਾ ਸਬੰਧੀ ਮੰਦਭਾਗੀ ਗੱਲ ਇਹ ਸੀ ਕਿ ਫੁੱਟਬਾਲ ਤੋਂ ਸੰਨਿਆਸ ਲੈਣ ਤੋਂ ਬਾਅਦ ਮੈਰਾਡੋਨਾ ਆਪਣੀ ਸਿਹਤ ਨਹੀਂ ਸੰਭਾਲ ਸਕੇ। ਇਸੇ ਕਰਕੇ ਉਨਾਂ ਨੂੰ ਕਈ ਵਾਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਸਾਲ 2000 ਵਿੱਚ ਉਨਾਂ ਨੇ ਇੰਨਾ ਕੋਕੀਨ ਲਿਆ ਸੀ ਕਿ ਉਨਾਂ ਦਾ ਦਿਲ ਵੀ ਫੇਲ ਹੋ ਸਕਦਾ ਸੀ ਅਤੇ ਜਾਨ ਵੀ ਜਾ ਸਕਦੀ ਸੀ। ਇਸ ਤੋਂ ਬਾਅਦ ਉਹ ਕਈ ਸਾਲਾਂ ਤੋਂ ਮੁੜ ਵਸੇਬੇ ਦੀ ਪ੍ਰਕਿਰਿਆ ਵਿੱਚ ਦੀ ਲੰਘੇ। ਫੇਰ ਉਨਾਂ ਨੂੰ ਮੋਟਾਪੇ ਨੇ ਵੀ ਘੇਰਿਆ ਅਤੇ ਸਾਲ 2005 ਵਿੱਚ ਭਾਰ ਘਟਾਉਣ ਲਈ ਮੈਰਾਡੋਨਾ ਨੂੰ ਇੱਕ ਆਪ੍ਰੇਸ਼ਨ ਕਰਵਾਉਣਾ ਪਿਆ ਸੀ। ਇਸ ਤੋਂ ਬਾਅਦ 2007 ਵਿੱਚ ਜ਼ਿਆਦਾ ਸਰਾਬ ਪੀਣ ਕਾਰਨ ਵੀ ਉਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਸਿਹਤ ਪੱਖੋਂ ਇੱਕ ਵਾਪਸੀ ਕਰਦਿਆਂ ਅਰਜਨਟੀਨਾ ਨੂੰ ਮੁੜ ਵਿਸ਼ਵ ਕੱਪ ਜਿਤਾਉਣ ਦੇ ਇਰਾਦੇ ਤਹਿਤ ਓਹ ਸਾਲ 2008 ਤੋਂ 2010 ਤੱਕ ਰਾਸ਼ਟਰੀ ਟੀਮ ਦੇ ਕੋਚ ਵੀ ਬਣੇ ਸਨ ਪਰ ਇਸ ਦੇ ਬਾਵਜੂਦ ਅੰਦਰੋਂ ਅੰਦਰੀ ਉਨਾਂ ਦਾ ਸਰੀਰ ਖਰਾਬ ਹੋ ਰਿਹਾ ਸੀ ਅਤੇ ਇਹ ਗੱਲ ਹੁਣ ਪਤਾ ਲੱਗਦੀ ਹੈ।

ਡਿਏਗੋ ਮੈਰਾਡੋਨਾ ਖੇਡ ਦਾ ਓਹ ਜਾਦੂਗਰ ਸੀ ਜਿਸ ਦੇ ਦੁਨੀਆ ਭਰ ਵਿਚ ਹਰ ਪੀੜੀ ਦੇ ਅਣਗਿਣਤ ਪ੍ਰਸ਼ੰਸਕ ਹਨ। ਕ੍ਰਿਕਟ ਦਾ ਦੇਸ਼ ਹੋਣ ਦੇ ਬਾਵਜੂਦ ਸਾਡੇ ਭਾਰਤ ਵਿਚ ਵੀ ਉਨ੍ਹਾਂ ਦੇ ਚਾਹੁਣ ਵਾਲਿਆਂ ਦੀ ਗਿਣਤੀ ਲੱਖਾਂ ਵਿਚ ਹੈ। ਇਸੇ ਦੀ ਮਿਸਾਲ ਹੈ ਕਿ ਗੋਆ ਸੂਬੇ ਦੀ ਸਰਕਾਰ ਡਿਏਗੋ ਮੈਰਾਡੋਨਾ ਦੀ ਵਿਸ਼ਾਲ ਮੂਰਤੀ ਅਗਲੇ ਸਾਲ ਦੀ ਸ਼ੁਰੂਆਤ ਵਿਚ ਪੂਰਬੀ ਜ਼ਿਲ੍ਹੇ ਦੇ ਸਮੁੰਦਰ ਕਿਨਾਰੇ ਵਾਲੇ ਇਲਾਕੇ ਵਿਚ ਲਾਉਣ ਦਾ ਐਲਾਨ ਕਰ ਰਹੀ ਹੈ ਹਾਲਾਂਕਿ ਸਾਲ 2018 ਵਿਚ ਹੀ ਗੋਆ ਸੂਬੇ ਅੰਦਰ ਮੈਰਾਡੋਨਾ ਦੀ ਮੂਰਤੀ ਸਥਾਪਤ ਕਰਨ ਦੀ ਤਜਵੀਜ਼ ਆ ਗਈ ਸੀ। ਬੇਸ਼ੱਕ ਡਿਏਗੋ ਮੈਰਾਡੋਨਾ ਹੁਣ ਇਸ ਦੁਨੀਆ ਵਿਚ ਨਹੀਂ ਰਹੇ, ਪਰ ਫੁੱਟਬਾਲ ਪ੍ਰੇਮੀਆਂ ਦੇ ਦਿਲਾਂ ਵਿਚ ਉਹ ਹਮੇਸ਼ਾ ਜੀਉਂਦੇ ਰਹਿਣਗੇ। ਜਦੋਂ ਤੱਕ ਫੁੱਟਬਾਲ ਹੈ, ਓਦੋਂ ਤੱਕ ਮੈਰਾਡੋਨਾ ਦਾ ਨਾਂਅ ਨਾਲ ਰਹੇਗਾ, ਇਹ ਗੱਲ ਪੱਕੀ ਹੈ।

**-ਸੁਦੀਪ ਸਿੰਘ ਢਿੱਲੋਂ**

# ਧੀਆਂ ਦੇ ਵਰਾਂ ਬਾਰੇ ਮਾਪਿਆਂ ਦੀਆਂ ਵੱਡੀਆਂ ਖ਼ਾਹਿਸ਼ਾਂ ਸੰਤਾਪ ਵੀ ਬਣ ਜਾਂਦੀਆਂ ਨੇ

ਉਸ ਦਾ ਵਿਆਹ ਕਿਤੇ ਵੀ ਆਸਾਨੀ ਨਾਲ ਹੋ ਸਕਦਾ ਸੀ ਪਰ ਉਸ ਦੇ ਪਿਤਾ ਦੀ ਪਸੰਦ ਦਾ ਵਰ ਨਾ ਮਿਲਣ ਕਾਰਨ ਉਸ ਨੇ ਪਿਤਾ ਦਾ ਮਾਣ ਰੱਖਿਆ ਜਿਸ ਦੇ ਫਲਸਰੂਪ ਉਹ ਅੱਜ ਤੱਕ ਕੁਆਰੀ ਬੈਠੀ ਹੈ ਅਤੇ ਉਸ ਦੀ ਉਮਰ ਲਗਪਗ 70 ਸਾਲ ਤੋਂ ਟੱਪ ਗਈ ਹੈ। ਉਸ ਦੇ ਭਰਾਵਾਂ ਦੇ ਬੱਚੇ ਵੀ ਵਿਆਹੇ ਗਏ ਹਨ ਅਤੇ ਓਹ ਧੀਆਂ-ਪੁੱਤਾਂ ਵਾਲੇ ਹੋ ਗਏ ਹਨ ਪਰ ਉਹ ਨਿਮਾਣੀ ਪਿਤਾ ਦੀ ਇੱਛਾ ਦਾ ਮਾਣ ਰੱਖਦੀ ਬਿਰਧ ਹੋ ਗਈ ਹੈ।

ਵੈਸੇ ਤਾਂ ਹਰ ਮਾਂ-ਬਾਪ ਆਪਣੀ ਔਲਾਦ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਾ ਹੈ ਅਤੇ ਉਸ ਦੇ ਚੰਗੇ ਭਵਿੱਖ ਲਈ ਹਰ ਹੀਲਾ ਕਰਦਾ ਹੈ ਪਰ ਕਈ ਵਾਰ ਮਾਪਿਆਂ ਦੀ ਇੱਛਾ ਬੱਚੇ ਦੇ ਭਵਿੱਖ ਦੇ ਰਾਹ ਵਿਚ ਰੋੜਾ ਬਣ ਜਾਂਦੀ ਹੈ। ਅਜਿਹਾ ਜ਼ਿੰਦਗੀ ਦੇ ਹਰ ਖੇਤਰ ਵਿਚ ਹੁੰਦਾ ਹੈ। ਦਫ਼ਤਰ ਵਿਚ ਲੱਗਾ ਅਫ਼ਸਰ ਆਪਣੀ ਔਲਾਦ ਨੂੰ ਆਪਣੇ ਤੋਂ ਵੱਡੇ ਰੁਤਬੇ ਦਾ ਅਫ਼ਸਰ ਬਣਾਉਣ ਦੀ ਇੱਛਾ ਰੱਖਦਾ ਹੈ ਅਤੇ ਵਪਾਰੀ ਆਪਣੇ ਬੱਚੇ ਨੂੰ ਆਪਣੇ ਤੋਂ ਵੱਡਾ ਵਪਾਰੀ ਬਣਿਆ ਵੇਖਣਾ ਲੋਚਦਾ ਹੈ। ਇਸ ਮਨੋ-ਬਿਰਤੀ ਕਰਕੇ ਮਾਪੇ ਆਪਣੇ ਬੱਚੇ ਦੇ ਮਨ ਦੀ ਗੱਲ ਨਹੀਂ ਸੁਣਦੇ ਅਤੇ ਆਪਣੀ ਮਰਜ਼ੀ ਬੱਚੇ 'ਤੇ ਜ਼ਬਰਦਸਤੀ ਠੋਸ ਦਿੰਦੇ ਹਨ। ਲੜਕੀਆਂ ਦੇ ਮਾਮਲੇ ਵਿਚ ਹਾਲਾਤ ਕੁਝ ਹੋਰ ਹੀ ਹਨ।

ਕਿਸੇ ਨੇ ਲਿਖਿਆ ਸੀ ਕਿ ਪੰਜਾਬ ਵਿਚ ਮਾਪਿਆਂ ਨੂੰ ਖ਼ਾਸ ਤੌਰ 'ਤੇ ਜ਼ਿਮੀਦਾਰ ਘਰਾਣਿਆਂ ਨੂੰ ਆਪਣੀਆਂ ਪੜ੍ਹੀਆਂ-ਲਿਖੀਆਂ ਲੜਕੀਆਂ ਲਈ ਯੋਗ ਪੜ੍ਹੇ-ਲਿਖੇ ਲੜਕੇ ਨਹੀਂ ਮਿਲਦੇ ਅਤੇ ਆਪਣੇ ਸਟੇਟਸ ਦੇ ਕਿਸੇ ਘਰਾਣੇ ਵਿਚ ਘੱਟ ਪੜ੍ਹੇ-ਲਿਖੇ ਲੜਕੇ ਦੇ ਲੜ ਧੀ ਨੂੰ ਲਾ ਦਿੱਤਾ ਜਾਂਦਾ ਹੈ। ਇੰਜ ਲੜਕੀ ਸਾਰੀ ਉਮਰ ਹੀਣ-ਭਾਵਨਾ ਦਾ ਸ਼ਿਕਾਰ ਹੋ ਕੇ ਜਿਉਂਦੀ ਹੈ। ਇਕ ਹੋਰ ਮਨੋ-ਬਿਰਤੀ ਬੜੀ ਪ੍ਰਚਲਿਤ ਹੈ।

ਬਹੁਤੇ ਲੋਕੀਂ ਆਪਣੀ ਲੜਕੀ ਦਾ ਰਿਸ਼ਤਾ ਵਿਦੇਸ਼ ਰਹਿੰਦੇ ਲੜਕੇ ਨਾਲ ਕਰਨ ਦੇ ਚਾਹਵਾਨ ਹੁੰਦੇ ਹਨ। ਕਾਰਨ ਇਹ ਹੁੰਦਾ ਹੈ ਕਿ ਲੜਕੀ ਵਿਦੇਸ਼ ਜਾਵੇ ਤਾਂ ਉਹ ਆਪਣੇ ਭਰਾਵਾਂ ਜਾਂ ਮਾਪਿਆਂ ਨੂੰ ਵੀ ਓਥੇ ਸੱਦ ਲਵੇਗੀ। ਪਰ ਇਸ ਮਨੋ-ਬਿਰਤੀ ਦਾ ਨਾਜਾਇਜ਼ ਲਾਭ ਸ਼ਾਤਰ ਦਿਮਾਗ ਵਾਲੇ ਵਿਦੇਸ਼ੀ ਲਾੜੇ ਉਠਾ ਰਹੇ ਹਨ ਅਤੇ ਪਹਿਲਾਂ ਵਿਆਹੇ ਹੋਏ ਲੜਕੇ ਧੋਖੇ ਨਾਲ ਭਾਰਤ ਵਿਚ ਹੋਰ ਵਿਆਹ ਰਚਾ ਲੈਂਦੇ ਹਨ ਅਤੇ ਵਿਦੇਸ਼ ਚਲੇ ਜਾਂਦੇ ਹਨ। ਲਾੜੀ ਵੀਜ਼ੇ ਦੀ ਉਡੀਕ ਵਿਚ ਪੇਕੇ ਬਹਿ ਕੇ ਹਉਕੇ ਭਰਨ ਜੋਗੀ ਰਹਿ ਜਾਂਦੀ ਹੈ।

ਇੰਜ ਹੀ ਅੱਜ-ਕੱਲ੍ਹ ਲੜਕੀਆਂ ਵਾਲੇ ਵੀ ਮਾੜੀ ਸੋਚ ਪਾਲਣ ਲੱਗ ਪਏ ਹਨ। ਅਮੀਰ ਘਰਾਂ ਦੇ ਘੱਟ ਪੜ੍ਹੇ-ਲਿਖੇ ਲੜਕਿਆਂ ਲਈ ਮਾਪੇ ਕੋਈ ਵੀ ਆਈਲੇਟਸ ਪਾਸ ਲੜਕੀ ਦੀ ਭਾਲ ਕਰਦੇ ਹਨ ਅਤੇ ਆਪਣੇ ਲੜਕੇ ਦੀ ਸ਼ਾਦੀ ਆਈਲੈਟਸ ਪਾਸ ਲੜਕੀ ਨਾਲ ਕਰ ਦਿੰਦੇ ਹਨ ਤੇ ਤਹਿ ਹੋਈ ਸ਼ਰਤ ਤਹਿਤ ਉਹ ਆਪਣੀ ਨੂੰਹ ਨੂੰ ਆਪਣੇ ਖ਼ਰਚੇ 'ਤੇ ਵਿਦੇਸ਼ ਪੜ੍ਹਾਈ ਕਰਨ ਲਈ ਭੇਜ ਦਿੰਦੇ ਹਨ, ਇਸ ਆਸ 'ਤੇ ਕਿ ਲੜਕੀ ਬਾਅਦ ਵਿਚ ਆਪਣੇ ਪਤੀ ਨੂੰ ਵੀ ਵਿਦੇਸ਼ ਲੈ ਜਾਵੇਗੀ।

ਕਿਸੇ ਵਿਰਲੇ ਦੀ ਅਜਿਹੀ ਆਸ ਪੁੱਗਦੀ ਹੈ। ਆਮ ਤੌਰ 'ਤੇ ਲੜਕੀ ਨੂੰ ਵਿਦੇਸ਼ ਜਾ ਕੇ ਜਦ ਓਥੋਂ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ ਤਾਂ ਉਸ ਨੂੰ ਪਿਛਲੇ ਭੁੱਲ ਜਾਂਦੇ ਹਨ ਅਤੇ ਉਹ ਵਿਦੇਸ਼ੀ ਮਾਹੌਲ ਵਿਚ ਆਪਣੇ-ਆਪ ਨੂੰ ਢਾਲ ਲੈਂਦੀ ਹੈ। ਲੜਕੇ ਵਾਲੇ ਬਾਅਦ ਵਿਚ ਕਾਨੂੰਨੀ ਚਾਰਾਜੋਈ ਵਿਚ ਰੁੱਝ ਜਾਂਦੇ ਹਨ। ਪਿੱਛੇ



ਜਿਹੇ ਪੰਜਾਬ ਵਿਚ ਹੀ ਇਕ ਲਾੜੇ ਨੇ ਆਤਮਹੱਤਿਆ ਵੀ ਕਰ ਲਈ ਸੀ ਪਰ ਪੰਜਾਬ ਵਿਚ ਵਸਦੀਆਂ ਧੀਆਂ ਅਜੇ ਅਜਿਹੀ ਮਨੋ-ਬਿਰਤੀ ਤੋਂ ਬਚੀਆਂ ਹੋਈਆਂ ਹਨ। ਪਰ ਪਹਿਲੇ ਦਿਨਾਂ ਵਿਚ ਮਾਂ-ਬਾਪ ਵੀ ਇੰਜ ਨਹੀਂ ਸਨ ਸੋਚਦੇ। ਉਹ ਆਪਣੀ ਧੀ ਨੂੰ ਉਸ ਦੇ ਲੜ ਲਾਉਂਦੇ ਸਨ ਜਿਸ ਬਾਰੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੋ ਜਾਂਦਾ ਸੀ ਕਿ ਉਸ ਵਿਅਕਤੀ ਨਾਲ ਉਨ੍ਹਾਂ ਦੀ ਧੀ ਸਾਰਾ ਜੀਵਨ ਸੁਖੀ ਰਹੇਗੀ।

ਲੜਕੀਆਂ ਨੂੰ ਵੀ ਇਹ ਵਿਸ਼ਵਾਸ ਹੁੰਦਾ ਸੀ ਕਿ ਉਸ ਦੇ ਮਾਪੇ ਉਸ ਦਾ ਭਲਾ ਹੀ ਲੋਚਣਗੇ। ਪਿਛਲੇ ਦਿਨੀਂ ਇਕ ਫੰਕਸ਼ਨ ਵਿਚ ਮਿਲੇ ਇਕ ਦੋਸਤ ਨੂੰ ਹਾਲ-ਚਾਲ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਅੱਜ-ਕੱਲ੍ਹ ਬਹੁਤ ਪਰੇਸ਼ਾਨ ਹੈ। ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਦੀ ਜਵਾਨ ਬੇਟੀ ਦਾ ਰਿਸ਼ਤਾ ਸਿਰੇ ਨਹੀਂ ਚੜ੍ਹ ਰਿਹਾ।

ਕਾਰਨ ਦੱਸਿਆ ਕਿ ਉਸ ਦੇ ਪਰਿਵਾਰ ਵਾਲੇ ਕਹਿੰਦੇ ਹਨ ਕਿ ਲੜਕਾ ਉਹ ਚਾਹੀਦਾ ਹੈ ਜੋ ਪੜ੍ਹਿਆ-ਲਿਖਿਆ, ਰੁਜ਼ਗਾਰ 'ਤੇ ਲੱਗਾ ਵੀ ਹੋਵੇ ਅਤੇ ਖਾਂਦਾ-ਪੀਂਦਾ ਵੀ ਨਾ ਹੋਵੇ। ਭਾਵੇਂ ਉਸ ਦੀ ਲੜਕੀ ਪੜ੍ਹੀ-ਲਿਖੀ ਹੈ ਪਰ ਰੰਗ ਦੀ ਸਾਂਵਲੀ ਹੋਣ ਕਾਰਨ ਵੀ ਚੰਗਾ ਰਿਸ਼ਤਾ ਲੱਭਣ ਵਿਚ ਦਿੱਕਤ ਪੇਸ਼ ਆ ਰਹੀ ਹੈ। ਲੜਕੀ ਦੀ ਵਧਦੀ ਉਮਰ ਦੀ ਚਿੰਤਾ ਵੀ ਉਸ ਨੂੰ ਸਤਾ ਰਹੀ ਹੈ। ਉਸ ਦੀ ਗੱਲ ਸੁਣ ਕੇ ਮੈਨੂੰ ਆਪਣੇ ਹੀ ਮੁਹੱਲੇ ਦੀ ਇਕ ਲੜਕੀ ਦੀ ਕਹਾਣੀ ਯਾਦ ਆ ਗਈ ਜੋ ਮੈਂ ਉਸ ਨੂੰ ਸੁਣਾਈ।

ਸਾਡੇ ਮੁਹੱਲੇ ਵਿਚ ਇਕ ਹਕੀਮ ਸਾਹਿਬ ਰਹਿੰਦੇ ਸਨ। (ਹੁਣ ਉਹ ਇਸ ਜਹਾਨ ਵਿਚ ਵੀ ਨਹੀਂ ਹਨ)। ਜਿੱਥੇ ਉਹ ਹਿਕਮਤ ਵਿਚ ਮਾਹਰ ਸਨ, ਓਥੇ ਸਮਾਜ ਕਲਿਆਣ ਦਾ ਚਾਅ ਹਰ ਵੇਲੇ ਉਨ੍ਹਾਂ ਦੇ ਮਨ ਵਿਚ ਉਮੜਿਆ ਰਹਿੰਦਾ ਸੀ। ਘਰ ਤੋਂ ਦੁਕਾਨ ਤੱਕ ਜਾਂਦਿਆਂ ਰਸਤੇ ਵਿਚ ਜੇਕਰ ਕੋਈ ਮਾੜਾ-ਮੋਟਾ ਟੋਇਆ ਹੋਣਾ ਤਾਂ ਉਨ੍ਹਾਂ ਨੇ ਉਸ ਨੂੰ ਪੂਰਨ ਦੀ ਕੋਸ਼ਿਸ਼ ਕਰਨੀ। ਜੇਕਰ ਕੋਈ ਰੋੜਾ ਆਦਿ ਦਿਸ ਪੈਣਾ ਤਾਂ ਉਨ੍ਹਾਂ ਨੇ ਉਸ ਨੂੰ ਰਾਹ 'ਚੋਂ ਲਾਂਭੇ ਕਰ ਦੇਣਾ। ਦਵਾਈ ਲੈਣ ਆਏ ਮਰੀਜ਼ ਨਾਲ ਵੀ ਉਹ ਬੜੇ ਪਿਆਰ ਨਾਲ ਪੇਸ਼ ਆਉਂਦੇ ਸਨ। ਉਨ੍ਹਾਂ ਨੂੰ ਵੀ ਮੇਰੇ ਦੋਸਤ ਵਾਲੀ ਪਰੇਸ਼ਾਨੀ ਰਹਿੰਦੀ ਸੀ। ਉਹ ਵੀ ਚਾਹੁੰਦੇ ਸਨ ਕਿ ਉਨ੍ਹਾਂ ਦੀ ਲੜਕੀ ਲਈ ਅਜਿਹਾ ਵਰ-ਘਰ ਮਿਲੇ ਜੋ ਉਨ੍ਹਾਂ ਵਾਂਗੂ ਮੁਕੰਮਲ ਵੈਸ਼ਨੋ ਹੋਵੇ। ਜੇਕਰ ਕੋਈ ਵੈਸ਼ਨੋ ਲੜਕਾ/ਪਰਿਵਾਰ ਮਿਲਦਾ ਤਾਂ ਇਹ ਗੱਲ ਆੜੇ ਆ ਜਾਂਦੀ ਕਿ ਲੜਕੇ ਵਾਲਿਆਂ ਦਾ ਪੱਧਰ ਉਨ੍ਹਾਂ ਦੇ ਪੱਧਰ ਦੇ ਬਰਾਬਰ ਨਹੀਂ ਹੈ।

ਕਈ ਮਿੱਤਰਾਂ ਨੇ ਸਲਾਹ ਦਿੱਤੀ ਕਿ ਜੇ ਗ਼ਰੀਬ ਪਰਿਵਾਰ ਮਿਲਦਾ ਹੈ ਤਾਂ ਰਿਸ਼ਤਾ ਕਰ ਲੈਣਾ ਚਾਹੀਦਾ ਹੈ। ਬਹੁਤੀ ਗੱਲ ਇਹ ਹੋ ਸਕਦੀ ਹੈ ਕਿ ਦਾਜ ਦੀ ਥਾਂ ਲੜਕੇ ਨੂੰ ਕੋਈ ਚੰਗਾ ਕਾਰੋਬਾਰ ਖੋਲ੍ਹ ਦਿੱਤਾ ਜਾਵੇ। ਇੰਜ ਉਨ੍ਹਾਂ ਦੀ ਵੈਸ਼ਨੋ ਪਰਿਵਾਰ ਦੀ ਸ਼ਰਤ ਵੀ ਪੂਰੀ ਹੋ ਜਾਵੇਗੀ ਅਤੇ ਜਵਾਈ ਵੀ ਉਨ੍ਹਾਂ ਦੇ ਪੱਧਰ ਦਾ ਹੋ ਜਾਵੇਗਾ। ਹਕੀਮ ਜੀ ਦੀ ਲੜਕੀ ਦਾ ਰੰਗ ਵੀ ਸਾਫ਼ ਸੀ ਅਤੇ ਨੈਣ-ਨਕਸ਼ ਵੀ ਚੰਗੇ ਸਨ।

ਉਸ ਦਾ ਵਿਆਹ ਕਿਤੇ ਵੀ ਆਸਾਨੀ ਨਾਲ ਹੋ ਸਕਦਾ ਸੀ ਪਰ ਉਸ ਦੇ ਪਿਤਾ ਦੀ ਪਸੰਦ ਦਾ ਵਰ ਨਾ ਮਿਲਣ ਕਾਰਨ ਉਸ ਨੇ ਪਿਤਾ ਦਾ ਮਾਣ ਰੱਖਿਆ ਜਿਸ ਦੇ ਫਲਸਰੂਪ ਉਹ ਅੱਜ ਤੱਕ ਕੁਆਰੀ ਬੈਠੀ ਹੈ ਅਤੇ ਉਸ ਦੀ ਉਮਰ ਲਗਪਗ 70 ਸਾਲ ਤੋਂ ਟੱਪ ਗਈ ਹੈ। ਉਸ ਦੇ ਭਰਾਵਾਂ ਦੇ ਬੱਚੇ ਵੀ ਵਿਆਹੇ ਗਏ ਹਨ ਅਤੇ ਓਹ ਧੀਆਂ-ਪੁੱਤਾਂ ਵਾਲੇ ਹੋ ਗਏ ਹਨ ਪਰ ਉਹ ਨਿਮਾਣੀ ਪਿਤਾ ਦੀ ਇੱਛਾ ਦਾ ਮਾਣ ਰੱਖਦੀ ਬਿਰਧ ਹੋ ਗਈ ਹੈ। ਇਹ ਕਹਾਣੀ ਸੁਣ ਕੇ ਮੇਰਾ ਉਕਤ ਮਿੱਤਰ ਝੱਟ ਬੋਲ ਉਠਿਆ ਕਿ ਉਸ ਲੜਕੀ ਦਾ ਰਿਸ਼ਤਾ ਉਸ ਨੂੰ ਹੁੰਦਾ ਸੀ।

ਭਾਵੇਂ ਉਹ ਸਰਕਾਰੀ ਨੌਕਰੀ ਕਰਦਾ ਸੀ ਪਰ ਖਾਣ-ਪੀਣ ਦੀ ਆਦਤ ਉਸ ਦੇ ਰਾਹ ਦਾ ਰੋੜਾ ਬਣ ਗਈ। ਉਸ ਨੂੰ ਸ਼ਾਇਦ ਪਛਤਾਵਾ ਹੋ ਰਿਹਾ ਸੀ ਕਿ ਹੁਣ ਵੀ ਤਾਂ ਉਸ ਦਾ ਪਰਿਵਾਰ ਮੁਕੰਮਲ ਵੈਸ਼ਨੋ ਹੈ ਅਤੇ ਉਸ ਨੇ ਵੀ ਖਾਣਾ-ਪੀਣਾ ਛੱਡਿਆ ਹੋਇਆ ਹੈ। ਇਹੀ ਗੱਲ ਜੇਕਰ ਉਹ ਉਦੋਂ ਕਰ ਲੈਂਦਾ ਤਾਂ ਨਾ ਉਹ ਲੜਕੀ ਕੁਆਰੀ ਰਹਿੰਦੀ ਅਤੇ ਨਾ ਹੀ ਉਸ ਦੀ ਪਰਿਵਾਰਕ ਸਥਿਤੀ ਅੱਜ ਵਰਗੀ ਹੁੰਦੀ।

ਮੇਰੇ ਮਿੱਤਰ ਨੇ ਉਕਤ ਲੜਕੀ ਦੀ ਕਹਾਣੀ ਸੁਣ ਕੇ ਮਨ ਬਣਾ ਲਿਆ ਕਿ ਉਹ ਹਾਲਾਤ ਨਾਲ ਸਮਝੌਤਾ ਕਰ ਕੇ ਆਪਣੀ ਲੜਕੀ ਦਾ ਰਿਸ਼ਤਾ ਕਿਤੇ ਨਾ ਕਿਤੇ ਕਰ ਦੇਵੇਗਾ ਪਰ ਕੁਦਰਤ ਨੂੰ ਸ਼ਾਇਦ ਕੁਝ ਹੋਰ ਹੀ ਮਨਜ਼ੂਰ ਸੀ। ਬਾਅਦ ਵਿਚ ਪਤਾ ਲੱਗਾ ਕਿ ਮਿੱਤਰ ਦੀ ਬੇਟੀ ਇਸ ਦੁਨੀਆ 'ਤੇ ਨਹੀਂ ਰਹੀ। ਜੇਕਰ ਮਾਪੇ ਸਮੇਂ ਸਿਰ ਹਾਲਾਤ ਨਾਲ ਸਮਝੌਤਾ ਕਰ ਲੈਂਦੇ ਤਾਂ ਉਕਤ ਦੋਵਾਂ ਧੀਆਂ ਦੀ ਹਾਲਤ ਇੰਜ ਨਾ ਹੁੰਦੀ।

**-ਅਜੀਤ ਕਮਲ**

## ਅਨਮੋਲ ਬਚਨ

ਆਮ ਲੋਕਾਂ ਨੂੰ ਉਨ੍ਹਾਂ ਦੀ ਮਾਂ ਬੋਲੀ ਵਿਚ ਹੀ ਸਿੱਖਿਆ ਮੁਹੱਈਆ ਕਰੋ, ਉਨ੍ਹਾਂ ਨੂੰ ਵਿਚਾਰ ਦਿਓ; ਉਹ ਜਾਣਕਾਰੀ ਪ੍ਰਾਪਤ ਕਰਨਗੇ, ਪਰ ਕੁਝ ਹੋਰ ਵੀ ਜ਼ਰੂਰੀ ਹੈ; ਉਨ੍ਹਾਂ ਨੂੰ ਸੱਭਿਆਚਾਰ ਦਿਓ।

*- ਸੁਆਮੀ ਵਿਵੇਕਾਨੰਦ*

ਅਮਨਦੀਪ ਸਿੰਘ ਅਮਨ ਦੀਆਂ

## ਦੋ ਗ਼ਜ਼ਲਾਂ



ਖ਼ੂਬਸੂਰਤ ਅਹਿਸਾਸ ਦੇਵਣ ਲਈ ਸ਼ੁਕਰੀਆ।
ਮਹਿਰਮਾ ਕੁਝ ਪਲ ਖ਼ਾਸ ਦੇਵਣ ਲਈ ਸ਼ੁਕਰੀਆ।
ਕੁੱਲ ਜੀਵਨ ਸਿਕਲੀਗਰਾਂ ਵਾਂਗ ਹੀ ਗੁਜ਼ਰਿਆ,
ਦਿਲਬਰਾ ਦਿਲ ਵਿੱਚ ਵਾਸ ਦੇਵਣ ਲਈ ਸ਼ੁਕਰੀਆ।
ਚਾਅ, ਨਿਰਾਸ਼ਾ ਵਿੱਚ ਡੁੱਬਦੇ ਜਾਪਦੇ ਸਨ, ਮਗਰ,
ਮੁਸਕਰਾਹਟ ਦੀ ਆਸ ਦੇਵਣ ਲਈ ਸ਼ੁਕਰੀਆ।
ਹਾੜ੍ਹ ਦੇ ਮਗਰੋਂ ਸਾਉਣ ਨੂੰ, ਆਉਣ ਦੀ ਕਾਹਲ ਹੈ,
ਧਰਤ ਨੂੰ ਇਹ ਧਰਵਾਸ ਦੇਵਣ ਲਈ ਸ਼ੁਕਰੀਆ।
ਜ਼ਿੰਦਗੀ ਦਾ ਗੁਰਬਤ ਦੇ ਵਿੱਚ ਮੁੱਕਣਾ ਤੈਅ ਹੀ ਸੀ,
ਰੁਲਦਿਆਂ ਨੂੰ ਪਰਵਾਸ ਦੇਵਣ ਲਈ ਸ਼ੁਕਰੀਆ।
ਹਰ ਗੁਫਾ ਦੇ ਅੰਦਰ ਕਿਤੇ ਰੌਸ਼ਨੀ ਵੀ ਮਿਲੂ,
ਸੋਚ ਨੂੰ ਇਹ ਵਿਸ਼ਵਾਸ ਦੇਵਣ ਲਈ ਸ਼ੁਕਰੀਆ।
ਨਿੱਤ ਨਵੀਆਂ ਤੁਕਬੰਦੀਆਂ ਦਾ 'ਅਮਨ' ਦੌਰ ਹੈ,
ਸ਼ਾਇਰੀ ਦਾ ਅਭਿਆਸ ਦੇਵਣ ਲਈ ਸ਼ੁਕਰੀਆ।
**

### ਗ਼ਜ਼ਲ

ਕੀ ਲੁਕਾਵਾਂ 'ਤੇ ਦਿਖਾਵਾਂ ਬਹੁਤ ਕੁਝ ਹੈ।
ਜ਼ਿੰਦਗੀ ਵਿੱਚ ਅਣਸੁਖਾਵਾਂ ਬਹੁਤ ਕੁਝ ਹੈ।
ਮੈਂ ਸਫ਼ਰ 'ਤੇ ਜਾਣ ਬਾਰੇ ਸੋਚਦਾ ਹਾਂ,
ਨਾਲ ਆਪਣੇ ਕੀ ਲੈ ਜਾਵਾਂ ,ਬਹੁਤ ਕੁਝ ਹੈ।
ਸੁਫ਼ਨਿਆਂ, ਰੀਝਾਂ 'ਤੇ ਭਰਮਾਂ ਦੇ ਚੁਬਾਰੇ,
ਆਪ ਹੱਥੀਂ ਕੀ ਕੀ ਢਹਾਵਾਂ ਬਹੁਤ ਕੁਝ ਹੈ।
ਤੇਰਿਆਂ ਅੰਗਾਂ ਤੇ ਸ਼ਾਇਰੀ ਉੱਕਰੀ ਏ,
ਦੱਸ ਕੀ ਛੱਡਾਂ ਤੇ ਗਾਵਾਂ ਬਹੁਤ ਕੁਝ ਹੈ।
ਤੂੰ ਕਹੇਂ ਮਿਲਣਾ ਤਾਂ ਆਵੀਂ ਸੱਚ ਹੋ ਕੇ,
ਝੂਠ ਕਿਹੜਾ ਲਾਹ ਕੇ ਆਵਾਂ ਬਹੁਤ ਕੁਝ ਹੈ।
ਮੈਲ? ਮਨ ਦੀ ਸਾਫ਼ ਕਰਨੀ ਸੀ, ਮਗਰ ਹੁਣ
ਮੈਂ ਕਿਹੜੇ ਸਰਵਰ 'ਚ ਨ੍ਹਾਵਾਂ, ਬਹੁਤ ਕੁਝ ਹੈ।
ਇੱਕ 'ਅਮਨ' ਦੇ ਵਿੱਚ ਵੀ ਲੱਖਾਂ ਅਮਨ ਹਨ,
ਇਹ ਮੁਖੌਟੇ ਕਿੰਝ ਲ੍ਹਾਵਾਂ ਬਹੁਤ ਕੁਝ ਹੈ।

## ਗ਼ਜ਼ਲ

ਟੁੱਟਿਆ ਦਿਲ ਤੇ ਸ਼ੀਸ਼ਾ ਮੁੜ ਕੇ ਜੁੜਦਾ ਨਈਂ
ਦਿਲ 'ਤੇ ਹੋਇਆ ਜ਼ਖ਼ਮ ਕਦੇ ਵੀ ਭਰਦਾ ਨਈਂ
ਗਿਰਗਿਟ ਵਾਂਗੂੰ ਰੰਗ ਵਟਾਵੇ ਢੌਂਗੀ,ਪਰ
ਸਿਰੜੀ ਬੰਦਾ ਗਿਰਗਿਟ ਵਾਂਗ ਬਦਲਦਾ ਨਈਂ
ਦੁੱਖ ਦਾ ਬੱਦਲ ਬੇਸ਼ੱਕ ਘੇਰਾ ਪਾ ਬੈਠਾ
ਚੰਦ ਉਮੀਦਾਂ ਦਾ ਪਰ ਉਸ ਤੋਂ ਲੁਕਦਾ ਨਈਂ
ਉਹਦਾ ਜੀਵਨ ਹਾਦਸਿਆਂ ਵਿੱਚ ਕਟ ਜਾਂਦਾ
ਹਾਦਸਿਆਂ ਦੇ ਕੋਲੋਂ ਜਿਹੜਾ ਸਿੱਖਦਾ ਨਈਂ
ਕੱਖਾਂ ਹੇਠਾਂ ਅੱਗ ਨਾ ਜਿੱਦਾਂ ਛੁਪ ਸਕਦੀ
ਹਾਸੇ ਅੰਦਰ ਦਰਦ ਕਦੇ ਵੀ ਛੁਪਦਾ ਨਈਂ
ਚੇਤੇ ਰੱਖੀਂ ਆਸ ਉਜਾਲਾ ਜੀਵਨ ਦਾ
ਆਸ ਦਾ ਸੂਰਜ ਚੜ੍ਹ ਜਾਵੇ ਤਾਂ ਡੁੱਬਦਾ ਨਈਂ
ਗਾਹੁਣਾ ਚਾਹੁੰਦੈ ਅੰਬਰ ਤੇ ਪਾਤਾਲਾਂ ਨੂੰ
ਮਨ ਦਾ ਪੰਛੀ ਇੱਕ ਥਾਂ ਟਿਕਿਆ ਰਹਿੰਦਾ ਨਈਂ
'ਜਸਵਿੰਦਰ' ਦਿਲ ਖੋਲ੍ਹ ਨਾ ਬੈਠੀਂ ਗ਼ੈਰਾਂ ਕੋਲ
ਭੇਤ ਦਿਲਾਂ ਦਾ ਗ਼ੈਰਾਂ ਕੋਲੋਂ ਪਚਦਾ ਨਈਂ



**— ਜਸਵਿੰਦਰ ਕੌਰ**
ਫ਼ਗਵਾੜਾ

ਭਾਵ-ਭਿੰਨੀ ਸ਼ਰਧਾਂਜਲੀ

# ਸੁਖਜੀਤ ਦੀ ਬੇਵਕਤੀ ਮੌਤ ਨਾਲ ਸਾਹਿਤ ਜਗਤ ਨੂੰ ਵੱਡਾ ਘਾਟਾ



ਜਲੰਧਰ : ਪੰਜਾਬੀ ਦੇ ਉੱਘੇ ਕਹਾਣੀਕਾਰ ਅਤੇ ਸਾਹਿਤ ਅਕਾਡਮੀ ਪੁਰਸਕਾਰ ਵਿਜੇਤਾ ਸੁਖਜੀਤ 13 ਫਰਵਰੀ 2024 ਨੂੰ 6 ਵਜੇ ਦਿਲ ਦਾ ਦੌਰਾ ਪੈਣ ਨਾਲ ਵਿਛੋੜਾ ਦੇ ਗਏ। ਉਹ ਪਿਛਲੇ ਕਈ ਦਿਨਾਂ ਤੋਂ ਫੋਰਟਿਸ ਹਸਪਤਾਲ ਮੋਹਾਲੀ ਵਿਖੇ ਇਲਾਜ ਅਧੀਨ ਸਨ। ਉਹਨਾਂ ਦੀ ਬੇਵਕਤ ਮੌਤ ਉੱਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ, ਸੀਨੀਅਰ ਮੀਤ ਪ੍ਰਧਾਨ ਡਾਕਟਰ ਸ਼ਿਆਮ ਸੁੰਦਰ ਦੀਪਤੀ ਅਤੇ ਜਨਰਲ ਸਕੱਤਰ ਡਾਕਟਰ ਗੁਰ ਇਕਬਾਲ ਸਿੰਘ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹਨਾਂ ਦੇ ਜਾਣ ਨਾਲ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਪੰਜਾਬੀ ਲੇਖਕ ਸਭਾ, ਜਲੰਧਰ ਦੇ ਸਰਪ੍ਰਸਤ ਡਾਕਟਰ ਵਰਿਆਮ ਸਿੰਘ ਸੰਧੂ, ਪ੍ਰਧਾਨ ਡਾਕਟਰ ਹਰਜਿੰਦਰ ਸਿੰਘ ਅਟਵਾਲ ਅਤੇ ਜਨਰਲ ਸਕੱਤਰ ਡਾਕਟਰ ਉਮਿੰਦਰ ਸਿੰਘ ਜੌਹਲ ਨੇ ਵੀ ਸੁਖਜੀਤ ਦੇ ਵਿਛੋੜੇ ਨੂੰ ਪੰਜਾਬੀ ਸਾਹਿਤ ਜਗਤ ਲਈ ਗਹਿਰਾ ਸਦਮਾ ਦੱਸਿਆ। ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਪ੍ਰੋਫ਼ੈਸਰ ਗੁਰਭਜਨ ਸਿੰਘ ਗਿੱਲ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਸੁਖਜੀਤ ਦੇ ਚਲੇ ਜਾਣ ਨਾਲ ਉਹਨਾਂ ਨੂੰ ਨਿੱਜੀ ਤੌਰ ਤੇ ਵੀ ਬਹੁਤ ਘਾਟਾ ਪਿਆ ਹੈ , ਉਹਨਾਂ ਨਾਲ ਉਹਨਾਂ ਦੀ ਦੋਸਤੀ ਦਹਾਕਿਆਂ ਪੁਰਾਣੀ ਸੀ। ਲੋਕ ਮੰਚ ਪੰਜਾਬ ਦੇ ਪ੍ਰਧਾਨ ਸੁਰਿੰਦਰ ਸਿੰਘ ਸੁੰਨੜ ਨੇ ਵੀ ਸੁਖਜੀਤ ਦੀ ਮੌਤ ਉਤੇ ਗਹਿਰੇ ਦੁੱਖ ਦਾ ਪ੍ਰਗਟਾ ਕੀਤਾ ਹੈ।

ਪੰਜਾਬੀ ਪਹਿਚਾਣ
Punjabi Pehchan
ਦੇਸ਼ ਦੁਨੀਆਂ 'ਚ ਪੜ੍ਹਿਆ ਜਾਣ ਵਾਲਾ ਪੰਜਾਬੀ ਦਾ ਮਾਸਿਕ ਅਖ਼ਬਾਰ
0181-1440400
Punjabi Pehchan

Advertisement Rate Card

| | FULL /HALF |
|---|---|
| PAGE FRONT COLOUR | 25000/15000 |
| PAGEB BACK COLOUR | 20000/12000 |
| PAGE INNER FRONT COLOUR | 15000/10000 |
| PAGE BACK INNER COLOUR | 10000/7000 |
| FULL PAGE FRONT B/W | 7000 |
| HALF PAGE BACK B/W | 5000 |
| 1/4 PAGE B/W | 3000 |
| 1/8 PAGE B/W | 2000 |
| 1/4 COLOUR PAGE | 5000 |
| 1/8 COLOUR PAGE | 3000 |
| FRONT POCKET COLOUR | 2500 |
| BACK POCKET COLOUR | 2000 |
| FRONT POCKET B/W | 1500 |



# ਕੈਨੇਡਾ ਵਿੱਚ ਕਿਉਂ ਉੱਠ ਰਹੇ ਨੇ ਵਿਦਿਆਰਥੀ ਸੰਘਰਸ਼?

ਭਾਰਤ ਤੋਂ ਲੱਖਾਂ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਬਹਾਨੇ ਵੱਖ ਵੱਖ ਮੁਲਕਾਂ ਵਿੱਚ ਪੱਕੇ ਤੌਰ 'ਤੇ ਵਸ ਚੁੱਕੇ ਹਨ। ਪਿਛਲੇ ਤਿੰਨ ਦਹਾਕਿਆਂ ਤੋਂ ਵਿਦੇਸ਼ਾਂ ਵਿੱਚ ਵਸਣ ਦੇ ਇਸ ਰੁਝਾਨ ਵਿੱਚ ਸੂਬਾ ਪੰਜਾਬ ਸਭ ਤੋਂ ਮੋਹਰੀ ਹੈ। ਇਹ ਲੇਖ ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਉਨ੍ਹਾਂ ਦੇ ਸੰਘਰਸ਼ 'ਤੇ ਰੌਸ਼ਨੀ ਪਾਉਂਦਾ ਹੈ।

ਭਾਰਤ ਵਿੱਚੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਉੱਚ ਸਿੱਖਿਆ ਲਈ ਵਿਦੇਸ਼ਾਂ ਵਿੱਚ ਪੜ੍ਹਨ ਜਾਂਦੇ ਹਨ। ਵਿਦੇਸ਼ਾਂ ਵਿੱਚ ਪੜ੍ਹਾਈ ਦੇ ਨਾਲ ਨਾਲ ਚੰਗੇ ਰੁਜ਼ਗਾਰ ਅਤੇ ਸੁਰੱਖਿਅਤ ਜ਼ਿੰਦਗੀ ਜਿਊਣ ਦੇ ਸੁਫ਼ਨੇ ਵੀ ਜੁੜੇ ਹੁੰਦੇ ਹਨ। ਬੀਤੇ ਕੁਝ ਵਰ੍ਹਿਆਂ ਵਿੱਚ ਭਾਰਤ 'ਚੋਂ ਵਿਦੇਸ਼ਾਂ ਵਿੱਚ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਭ ਤੋਂ ਵੱਧ ਰਹੀ ਹੈ। ਵਿਦੇਸ਼ਾਂ ਵਿੱਚ ਪੜ੍ਹਾਈ ਲਈ ਭੇਜਣ ਦੇ ਨਾਂ ਹੇਠ ਭਾਰਤ ਵਿੱਚ ਅਨੇਕ ਪ੍ਰਾਈਵੇਟ ਸੈਂਟਰ ਖੁੱਲ੍ਹੇ ਹਨ ਜਿਨ੍ਹਾਂ ਨੇ ਵਿਦਿਅਕ ਖੇਤਰ ਨੂੰ ਮੁਨਾਫ਼ਾਖੋਰ ਸਨਅਤ ਵਿੱਚ ਤਬਦੀਲ ਕਰ ਦਿੱਤਾ। ਇਸ ਤਬਦੀਲੀ ਨੇ ਸਿੱਖਿਆ ਵਰਗੇ ਬੁਨਿਆਦੀ ਮਨੁੱਖੀ ਅਧਿਕਾਰ ਨੂੰ ਵਪਾਰ ਦਾ ਸਾਧਨ ਬਣਾ ਦਿੱਤਾ। ਇਸ ਦੇ ਨਾਲ ਹੀ ਇਨ੍ਹਾਂ ਵਪਾਰਕ ਅਦਾਰਿਆਂ ਨੇ ਵਿਦਿਆਰਥੀ ਮਨਾਂ ਅੰਦਰ ਸਿੱਖਿਆ ਦਾ ਮਨੋਰਥ ਗਿਆਨ ਤੇ ਹੁਨਰ ਹਾਸਲ ਕਰਨ ਦੀ ਥਾਂ ਵੀਜ਼ਾ ਅਤੇ ਪਰਵਾਸ ਕਰਨਾ ਬਣਾ ਦਿੱਤਾ। ਉਧਰ, ਵਿਕਸਤ ਪੂੰਜੀਵਾਦੀ ਮੁਲਕਾਂ ਨੇ ਆਪਣੀ ਮੰਡੀ ਅਤੇ ਉਤਪਾਦਨ ਖੇਤਰ ਵਿੱਚ ਨਵੀਂ ਤਕਨੀਕ ਦੇ ਮੇਚ ਦੇ ਹੁਨਰਮੰਦ ਕਾਮੇ ਹਾਸਲ ਕਰਨ ਲਈ ਪੱਛੜੇ ਮੁਲਕਾਂ ਤੋਂ ਬੌਧਿਕ ਹੂੰਝਾ ਫੇਰਨ ਲਈ ਆਪਣੀ ਸਿੱਖਿਆ ਪ੍ਰਣਾਲੀ ਨੂੰ ਇਮੀਗ੍ਰੇਸ਼ਨ ਪ੍ਰੋਗਰਾਮ ਵਜੋਂ ਵਰਤਿਆ।

90 ਦੇ ਦਹਾਕੇ ਦੀਆਂ ਨਵੀਆਂ ਆਰਥਿਕ ਨੀਤੀਆਂ ਦੇ ਦੌਰ ਤੋਂ ਲੈ ਕੇ ਹੁਣ ਤੱਕ ਭਾਰਤ ਤੋਂ ਲੱਖਾਂ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਬਹਾਨੇ ਵੱਖ ਵੱਖ ਮੁਲਕਾਂ ਵਿੱਚ ਪੱਕੇ ਤੌਰ 'ਤੇ ਵਸ ਚੁੱਕੇ ਹਨ। ਪਿਛਲੇ ਤਿੰਨ ਦਹਾਕਿਆਂ ਤੋਂ ਵਿਦੇਸ਼ਾਂ ਵਿੱਚ ਵਸਣ ਦੇ ਇਸ ਰੁਝਾਨ ਵਿੱਚ ਸੂਬਾ ਪੰਜਾਬ ਸਭ ਤੋਂ ਮੋਹਰੀ ਹੈ। ਇਸ ਪਿੱਛੇ ਕਈ ਕਾਰਨ ਹਨ ਜਿਨ੍ਹਾਂ ਵਿੱਚੋਂ ਵੱਡਾ ਕਾਰਨ ਹੈ ਪੰਜਾਬ ਦੇ ਹਰੇ ਇਨਕਲਾਬ ਦੇ ਮਾਡਲ ਦੀ ਆਮਦ ਅਤੇ ਇਸ ਦਾ ਫੇਲ੍ਹ ਹੋਣਾ। ਕਿਸੇ ਸਮੇਂ ਖੁਸ਼ਹਾਲੀ ਦਾ ਪ੍ਰਤੀਕ ਬਣ ਕੇ ਬਹੁੜਿਆ ਹਰੇ ਇਨਕਲਾਬ ਦਾ ਮਾਡਲ ਪੰਜਾਬ ਨੂੰ ਰਾਸ ਨਹੀਂ ਆਇਆ। ਇਸ ਨੇ ਦੋ-ਤਿੰਨ ਦਹਾਕਿਆਂ ਵਿੱਚ ਹੀ ਪੰਜਾਬ ਦੇ ਲੋਕਾਂ ਨੂੰ ਨਵੇਂ ਸੰਕਟਾਂ ਵੱਲ ਧੱਕ ਦਿੱਤਾ। ਪੰਜਾਬ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ, ਵਾਤਾਵਰਨ ਦੀ ਸਮੱਸਿਆ, ਪੀਣ ਵਾਲੇ ਸ਼ੁੱਧ ਪਾਣੀ ਦੀ ਘਾਟ, ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਹੇਠਾਂ ਵੱਲ ਜਾਣਾ, ਨਸ਼ੇ, ਗੈਂਗਵਾਦ, ਬੇਰੁਜ਼ਗਾਰੀ, ਕਰਜ਼ੇ, ਖ਼ੁਦਕੁਸ਼ੀਆਂ ਆਦਿ ਸਮੱਸਿਆਵਾਂ ਵਿੱਚ ਘਿਰ ਗਿਆ। ਪੰਜਾਬ ਅੰਦਰ ਵੱਡਾ ਖੇਤੀ ਸੰਕਟ ਖੜ੍ਹਾ ਹੋ ਗਿਆ ਜਿਸ ਦੇ ਪ੍ਰਤੀਕਰਮ ਵਿੱਚੋਂ ਕਿਸਾਨ ਸੰਘਰਸ਼ਾਂ ਅਤੇ ਲਹਿਰਾਂ ਨੇ ਜਨਮ ਲਿਆ। ਪੰਜਾਬ ਦੇ ਚੌਤਰਫ਼ੇ ਸੰਕਟ ਦੀ ਸਭ ਤੋਂ ਵੱਧ ਮਾਰ ਪੰਜਾਬ ਦੇ ਮਜ਼ਦੂਰਾਂ ਉੱਤੇ ਪਈ ਹੈ। ਪੰਜਾਬ ਦੇ ਮਜ਼ਦੂਰ ਤੰਗੀਆਂ-ਤੁਰਸ਼ੀਆਂ ਵਿੱਚ ਜ਼ਿੰਦਗੀ ਜਿਊਣ ਲਈ ਮਜਬੂਰ ਹਨ ਪਰ ਪੰਜਾਬ ਦੀ ਕਿਸਾਨੀ ਦੇ ਵੱਡੇ ਹਿੱਸੇ ਨੇ ਪਹਿਲਾਂ ਹੀ ਸਮਝ ਲਿਆ ਸੀ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਖੇਤੀ ਲਾਹੇਵੰਦ ਧੰਦਾ ਨਹੀਂ ਹੈ ਅਤੇ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਪੰਜਾਬ ਵਿੱਚ ਸੁਰੱਖਿਅਤ ਨਹੀਂ। ਪੰਜਾਬ ਦੇ ਮੱਧ ਵਰਗ (ਖ਼ਾਸਕਰ ਕਿਸਾਨ ਵਰਗ) ਨੇ ਆਪਣੀਆਂ ਜ਼ਮੀਨਾਂ, ਟਰੈਕਟਰ, ਘਰ-ਬਾਰ, ਗਹਿਣੇ ਆਦਿ ਵੇਚ ਕੇ ਅਤੇ ਕਰਜ਼ੇ ਚੁੱਕ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਭੇਜਣ ਦਾ ਰਾਹ ਚੁਣਿਆ। ਇਸ ਦੌੜ ਵਿੱਚ ਪੰਜਾਬੀਆਂ ਨੇ ਹਜ਼ਾਰਾਂ ਕਰੋੜ ਰੁਪਏ ਦੇ ਕਰਜ਼ੇ ਚੁੱਕੇ ਅਤੇ ਆਪਣੀਆਂ ਜਾਇਦਾਦਾਂ ਵੇਚੀਆਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੁਆਰਾ 1990 ਤੋਂ 2022 ਤੱਕ ਕੀਤੇ ਅਧਿਐਨ ਵਿੱਚ ਦਿਖਾਇਆ ਗਿਆ ਕਿ ਇਨ੍ਹਾਂ 32 ਸਾਲਾਂ ਵਿੱਚ ਪੰਜਾਬ ਦੇ ਲੋਕਾਂ ਨੇ ਵਿਦੇਸ਼ ਜਾਣ ਲਈ 14342 ਕਰੋੜ ਰੁਪਏ ਦਾ ਕਰਜ਼ਾ ਲਿਆ ਅਤੇ 5939 ਕਰੋੜ ਰੁਪਏ ਦੀ ਜਾਇਦਾਦ (ਜ਼ਮੀਨ, ਘਰ, ਪਲਾਟ, ਸੋਨਾ, ਕਾਰ, ਟਰੈਕਟਰ ਆਦਿ) ਵੇਚੀ ਹੈ। ਇਸ ਅਧਿਐਨ ਨੇ ਦਿਖਾਇਆ ਕਿ 74 ਫ਼ੀਸਦੀ ਪਰਵਾਸ 2016 ਤੋਂ ਬਾਅਦ ਹੋਇਆ ਹੈ ਅਤੇ 42 ਫ਼ੀਸਦੀ ਲੋਕਾਂ ਨੇ ਕੈਨੇਡਾ ਵੱਲ ਪਰਵਾਸ ਕੀਤਾ। ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਘੱਟ ਆਮਦਨ ਦਿਖਾਇਆ ਗਿਆ। ਇਸ ਤੋਂ ਬਿਨਾਂ ਭਾਰਤ ਦਾ ਅਸਾਵਾਂ ਵਿਕਾਸ, ਵਧਦੀ






ਬੇਰੁਜ਼ਗਾਰੀ ਅਤੇ ਨਾਕਸ ਸਿੱਖਿਆ ਪ੍ਰਣਾਲੀ ਵੀ ਪੰਜਾਬ ਵਿੱਚੋਂ ਨੌਜਵਾਨਾਂ/ਵਿਦਿਆਰਥੀਆਂ ਦੇ ਪਰਵਾਸ ਦਾ ਕਾਰਨ ਹਨ।

ਦੂਜੇ ਪਾਸੇ, ਇਨ੍ਹਾਂ ਤਿੰਨ ਦਹਾਕਿਆਂ ਦੌਰਾਨ ਕੈਨੇਡਾ ਵਿੱਚ ਵੀ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵਧਦੀ ਗਈ। ਕੈਨੇਡਾ ਵਿੱਚ ਸਾਲ 2000 ਵਿੱਚ ਪੰਜਾਹ ਹਜ਼ਾਰ ਕੌਮਾਂਤਰੀ ਵਿਦਿਆਰਥੀ ਪੜ੍ਹਦੇ ਸਨ, ਪਰ 2019 ਤੱਕ ਇਹ ਗਿਣਤੀ ਵਧ ਕੇ 2,50,000 ਹੋ ਗਈ ਅਤੇ 2019-24 ਦੀ ਪੰਜ ਸਾਲਾ ਯੋਜਨਾ 'ਨਵੀਂ ਕੌਮਾਂਤਰੀ ਸਿੱਖਿਆ ਨੀਤੀ' ਤਹਿਤ 2024 ਤੱਕ ਹਰ ਸਾਲ ਇਹ ਗਿਣਤੀ 4,50,000 ਤੱਕ ਲਿਜਾਣ ਦਾ ਟੀਚਾ ਰੱਖਿਆ ਗਿਆ। ਇਹ ਟੀਚੇ ਕੌਮਾਂਤਰੀ ਵਿਦਿਆਰਥੀਆਂ ਤੋਂ ਮਹਿੰਗੀਆਂ ਫੀਸਾਂ ਵਸੂਲ ਕੇ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਸਥਾਪਿਤ ਕੀਤੇ ਗਏ ਹਨ। 2018 ਦੇ ਅੰਕੜਿਆਂ ਮੁਤਾਬਿਕ ਕੈਨੇਡਾ ਵਿੱਚ ਪੜ੍ਹਦੇ ਕੌਮਾਂਤਰੀ ਵਿਦਿਆਰਥੀਆਂ ਦਾ ਕੈਨੇਡਾ ਦੀ ਕੁੱਲ ਜੀਡੀਪੀ (ਕੁੱਲ ਘਰੇਲੂ ਉਤਪਾਦ) ਵਿੱਚ 21.6 ਬਿਲੀਅਨ ਡਾਲਰ ਦਾ ਯੋਗਦਾਨ ਸੀ ਅਤੇ 2024 ਤੱਕ ਸਰਕਾਰ ਇਸ ਨੂੰ 80 ਬਿਲੀਅਨ ਡਾਲਰ ਤੱਕ ਲਿਜਾਣ ਦਾ ਟੀਚਾ ਰੱਖਦੀ ਹੈ, ਪਰ ਬਦਲਦੀ ਸੰਸਾਰ ਆਰਥਿਕਤਾ ਨਾਲ ਕੈਨੇਡਾ ਦੇ ਆਰਥਿਕ ਸਮੀਕਰਨ ਵੀ ਬਦਲ ਰਹੇ ਹਨ। ਕੋਵਿਡ-19 ਅਤੇ ਰੂਸ-ਯੂਕਰੇਨ, ਇਜ਼ਰਾਈਲ-ਫਲਸਤੀਨ ਜੰਗ ਤੋਂ ਬਾਅਦ ਕੈਨੇਡਾ ਵਿੱਚ ਮਹਿੰਗਾਈ ਦਰ ਲਗਾਤਾਰ ਵਧ ਅਤੇ ਲੋਕਾਂ ਦੀ ਆਮਦਨ ਘਟ ਰਹੀ ਹੈ। ਸਾਲ 2022 ਵਿੱਚ ਕੈਨੇਡਾ ਵਿੱਚ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਵਿੱਚ 3 ਫ਼ੀਸਦੀ ਵਾਧਾ ਹੋਇਆ, ਪਰ ਮਹਿੰਗਾਈ ਦਰ ਵਿੱਚ 6.8 ਫ਼ੀਸਦੀ ਵਾਧਾ ਹੋਇਆ। ਕੈਨੇਡਾ ਸਰਕਾਰ ਨੇ ਵੱਖ ਵੱਖ ਸੂਬਿਆਂ ਵਿੱਚ ਨਵੇਂ ਵਿੱਤੀ ਵਰ੍ਹੇ 'ਚ ਟੈਕਸ ਪ੍ਰਤੀਸ਼ਤ (ਪ੍ਰਤੀ ਵਿਅਕਤੀ ਆਮਦਨ ਮੁਤਾਬਿਕ) ਵਿੱਚ ਵਾਧਾ ਕਰ ਦਿੱਤਾ ਹੈ। ਕੈਨੇਡਾ ਦੀ ਟਰੱਕ ਸਨਅਤ ਅਤੇ ਰੀਅਲ ਅਸਟੇਟ ਸਨਅਤ, ਦੋ ਖੇਤਰ ਪੂਰੀ ਤਰ੍ਹਾਂ ਮੰਦੀ ਦੀ ਮਾਰ ਹੇਠ ਆਏ ਹੋਏ ਹਨ। ਪਿਛਲੇ ਦੋ ਸਾਲਾਂ ਤੋਂ ਕੇਂਦਰੀ ਬੈਂਕ ਵਿਆਜ ਦਰਾਂ ਵਿੱਚ ਵਾਧਾ ਕਰ ਰਿਹਾ ਹੈ ਤੇ ਘਰਾਂ ਦੇ ਕਿਰਾਏ ਲਗਾਤਾਰ ਵਧ ਰਹੇ ਹਨ। ਅਜਿਹੀ ਸਥਿਤੀ ਵਿੱਚ ਰੁਜ਼ਗਾਰ ਦੇ ਮੌਕੇ ਸੁੰਗੜ ਰਹੇ ਹਨ ਜਿਸ ਕਾਰਨ ਨਵੇਂ ਪਰਵਾਸੀਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਲਈ ਅਨੇਕ ਮੁਸ਼ਕਿਲਾਂ ਖੜ੍ਹੀਆਂ ਹੋ ਰਹੀਆਂ ਹਨ। ਜਨਵਰੀ 2024 ਵਿੱਚ ਨਵੇਂ ਇਮੀਗ੍ਰੇਸ਼ਨ ਨਿਯਮਾਂ ਤਹਿਤ ਕੌਮਾਂਤਰੀ ਵਿਦਿਆਰਥੀਆਂ ਦੀ ਜੀਆਈਸੀ (ਗਾਰੰਟਿਡ ਇਨਵੈਸਟਮੈਂਟ ਸਰਟੀਫਿਕੇਟ) ਵਿੱਚ ਦੁੱਗਣਾ ਵਾਧਾ, ਕੰਮ ਘੰਟਿਆਂ ਉੱਤੇ ਕੰਟਰੋਲ, ਵਰਕ ਪਰਮਿਟ ਵਿੱਚ ਵਾਧੇ ਉੱਤੇ ਰੋਕ ਆਦਿ ਫ਼ੈਸਲਿਆਂ ਨੇ ਕੌਮਾਂਤਰੀ ਵਿਦਿਆਰਥੀਆਂ ਉੱਤੇ ਆਰਥਿਕ ਬੋਝ ਹੋਰ ਵਧਾ ਦਿੱਤਾ ਹੈ।

ਇਸ ਤੋਂ ਇਲਾਵਾ ਜਦੋਂ ਤੋਂ ਕੈਨੇਡਾ ਸਰਕਾਰ ਨੇ ਆਪਣੀ ਸਿੱਖਿਆ ਨੀਤੀ ਨੂੰ ਇਮੀਗ੍ਰੇਸ਼ਨ ਨੀਤੀ ਦੇ ਮਾਤਹਿਤ ਕੀਤਾ ਹੈ, ਉਸ ਸਮੇਂ ਤੋਂ ਕੈਨੇਡਾ ਵਿੱਚ ਅਨੇਕ ਨਵੇਂ ਪ੍ਰਾਈਵੇਟ ਕਾਲਜ ਅਤੇ ਯੂਨੀਵਰਸਿਟੀਆਂ ਹੋਂਦ ਵਿੱਚ ਆਈਆਂ। ਸਿੱਖਿਆ ਖੇਤਰ ਵਿੱਚ ਨਿੱਜੀ ਨਿਵੇਸ਼ ਵਧਿਆ ਅਤੇ ਜਨਤਕ ਵਿਦਿਅਕ ਅਦਾਰਿਆਂ ਵਿੱਚ 'ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ' (ਪੀਪੀਪੀ) ਵਿੱਚ ਵੀ ਲਗਾਤਾਰ ਵਾਧਾ ਹੋਇਆ। ਕੈਨੇਡਾ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਭਾਰਤ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਲਈ ਜਿੱਥੇ 'ਸਿੱਖਿਆ ਮੇਲੇ' ਲਾਉਣੇ ਸ਼ੁਰੂ ਕੀਤੇ ਉੱਥੇ ਅਨੇਕਾਂ 'ਭਰਤੀ ਏਜੰਸੀਆਂ' ਸਥਾਪਿਤ ਕੀਤੀਆਂ ਜਿਨ੍ਹਾਂ ਨੂੰ ਪ੍ਰਤੀ ਵਿਦਿਆਰਥੀ ਮੋਟੇ ਕਮਿਸ਼ਨ ਦਿੱਤੇ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਕੈਨੇਡਾ ਦੇ ਸੂਬੇ ਓਂਟਾਰੀਓ ਦੀ ਅਲਗੋਮਾ ਯੂਨੀਵਰਸਿਟੀ ਭਰਤੀ ਏਜੰਸੀ ਨੂੰ ਪ੍ਰਤੀ ਵਿਦਿਆਰਥੀ 4631 ਡਾਲਰ ਕਮਿਸ਼ਨ ਦਿੰਦੀ ਹੈ। ਕੁਝ ਕਾਲਜਾਂ ਨੇ ਮੋਟੀਆਂ ਫੀਸਾਂ ਹਾਸਲ ਕਰਨ ਲਈ ਥੋਕ 'ਚ ਵਿਦਿਆਰਥੀਆਂ ਨੂੰ 'ਆਫਰ ਲੈਟਰ' ਦਿੱਤੇ, ਪਰ ਉਨ੍ਹਾਂ ਕੋਲ ਵਿਦਿਆਰਥੀਆਂ ਦੀ ਰਿਹਾਇਸ਼ ਲਈ ਬੁਨਿਆਦੀ ਢਾਂਚਾ ਨਹੀਂ ਸੀ। ਕੈਨੇਡਾ ਦੇ ਕਈ ਫਰਜ਼ੀ ਕਾਲਜਾਂ ਨੇ ਭਾਰਤ ਸਥਿਤ ਏਜੰਟਾਂ ਨਾਲ ਮਿਲ ਕੇ ਕਈ ਫਰਜ਼ੀਵਾੜਿਆਂ ਨੂੰ ਅੰਜਾਮ ਦਿੱਤਾ; ਮਸਲਨ, ਕਿਸੇ ਨਾਮਵਰ ਕਾਲਜ ਜਾਂ ਯੂਨੀਵਰਸਿਟੀ ਤੋਂ ਆਫਰ ਲੈਟਰ ਲੈ ਕੇ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਉਪਰੰਤ ਫ਼ੀਸ ਵਾਪਸ ਕਰਵਾ ਕੇ ਕਿਸੇ ਹੋਰ ਕਾਲਜ ਵਿੱਚ ਦਾਖ਼ਲਾ ਦਿਵਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕੈਨੇਡਾ ਵਿੱਚ ਸਿੱਖਿਆ ਦੇ ਨਾਂ ਹੇਠ ਕਾਰੋਬਾਰ ਸ਼ੁਰੂ ਹੋ ਗਿਆ ਜਿਸ ਨੇ ਸਭ ਤਰ੍ਹਾਂ ਦੇ ਇਖ਼ਲਾਕੀ ਵਿੱਦਿਅਕ ਮਿਆਰਾਂ ਨੂੰ ਤਿਲਾਂਜਲੀ ਦੇ ਦਿੱਤੀ। ਵਿੱਦਿਅਕ ਅਦਾਰਿਆਂ ਦੇ ਨਾਲ ਨਾਲ ਕੌਮਾਂਤਰੀ ਵਿਦਿਆਰਥੀ ਸਸਤੀ ਕਿਰਤ ਸ਼ਕਤੀ ਵਜੋਂ ਲੁੱਟ, ਏਜੰਟਾਂ ਦੀ ਧੋਖਾਧੜੀ, ਮਹਿੰਗਾਈ, ਫਰਜ਼ੀ ਕਾਲਜ, ਘੱਟ ਉਜਰਤਾਂ ਤੇ ਵੱਧ ਘੰਟੇ ਕੰਮ, ਇਕਲਾਪਾ, ਮਾਨਸਿਕ ਤਣਾਅ, ਤਨਖ਼ਾਹਾਂ ਦੱਬਣ ਆਦਿ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ।

ਕੈਨੇਡਾ ਦੀ ਬਦਲਦੀ ਆਰਥਿਕ ਸਥਿਤੀ ਦੇ ਬਾਵਜੂਦ ਬਹੁਗਿਣਤੀ ਅਜੇ ਵੀ ਕੈਨੇਡਾ ਵੱਲ ਪਰਵਾਸ ਕਰਨ ਦਾ ਆਮ ਰੁਝਾਨ ਰੱਖਦੀ ਹੈ, ਪਰ ਇਸ ਦੇ ਨਾਲ ਹੀ ਕੈਨੇਡਾ ਸਰਕਾਰ ਦੁਆਰਾ ਲਗਾਤਾਰ ਸਖ਼ਤ ਕੀਤੀਆਂ ਜਾ ਰਹੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਕੈਨੇਡਾ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟ ਰਹੀ ਹੈ। ਦੂਸਰਾ ਬਹੁਤ ਨਿਗੂਣੀ ਗਿਣਤੀ ਵਿੱਚ 'ਉਲਟ ਪਰਵਾਸ' ਦਾ ਰੁਝਾਨ ਪਨਪਣਾ ਸ਼ੁਰੂ ਹੋ ਗਿਆ ਹੈ। ਤੀਸਰਾ, ਕੈਨੇਡਾ ਵਿਚਲੇ ਵਿਦਿਅਕ ਅਦਾਰਿਆਂ ਅਤੇ ਰੁਜ਼ਗਾਰਦਾਤਾਵਾਂ ਖਿਲਾਫ਼ ਆਵਾਜ਼ ਉਠਾਉਣ ਦਾ ਰੁਝਾਨ ਵੀ ਜਨਮ ਲੈ ਰਿਹਾ ਹੈ; ਭਾਵੇਂ ਵਿਰੋਧ ਦੀ ਇਹ ਆਵਾਜ਼ ਫਿਲਹਾਲ ਭਰੂਣ ਰੂਪ ਵਿੱਚ ਹੈ, ਪਰ ਇਹ ਕੌਮਾਂਤਰੀ ਪੱਧਰ 'ਤੇ ਅਸਰਦਾਰ ਹੋ ਰਹੀ ਹੈ। ਕੈਨੇਡਾ ਵਿੱਚ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਮੌਜੂਦਾ ਸੰਘਰਸ਼ ਦਾ ਪ੍ਰੇਰਨਾ ਸ੍ਰੋਤ ਭਾਰਤ ਦਾ ਕਿਸਾਨ ਅੰਦੋਲਨ ਬਣਿਆ।

ਜਦੋਂ ਪੂਰੀ ਦੁਨੀਆ ਵਿੱਚ ਕਿਸਾਨ ਸੰਘਰਸ਼ ਦੇ ਹੱਕ ਵਿੱਚ ਅਤੇ ਭਾਜਪਾ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਹੋ ਰਹੇ ਸਨ ਤਾਂ ਉਸ ਸਮੇਂ ਕੈਨੇਡਾ ਦੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਇਨ੍ਹਾਂ ਸੰਘਰਸ਼ਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਤੋਂ ਇਲਾਵਾ ਮੁਨਾਫ਼ੇ ਦੀ ਹੋੜ ਵਿੱਚ ਫਸੇ ਕੈਨੇਡਾ ਦੇ ਸਿੱਖਿਆ ਪ੍ਰਬੰਧ ਦਾ ਲਗਾਤਾਰ ਨਿਘਰਦਾ ਮਿਆਰ ਜੱਗ-ਜ਼ਾਹਿਰ ਹੋ ਰਿਹਾ ਹੈ। ਕੌਮਾਂਤਰੀ ਵਿਦਿਆਰਥੀ, ਸਥਾਨਕ ਵਿਦਿਆਰਥੀਆਂ ਦੇ ਮੁਕਾਬਲੇ ਤਿੰਨ-ਚਾਰ ਗੁਣਾ ਵੱਧ ਫ਼ੀਸ ਅਦਾ ਕਰਦੇ ਹਨ, ਪਰ ਇਸ ਦੇ ਇਵਜ਼ ਵਿੱਚ ਘੱਟ ਸਹੂਲਤਾਂ ਅਤੇ ਗ਼ੈਰ-ਮਿਆਰੀ ਸਿੱਖਿਆ ਹਾਸਲ ਕਰਦੇ ਹਨ। ਮਹਿੰਗੀ, ਨਾ-ਬਰਾਬਰੀ, ਗ਼ੈਰ-ਮਿਆਰੀ ਤੇ ਵਿਤਕਰੇ ਵਾਲੀ ਸਿੱਖਿਆ ਪ੍ਰਣਾਲੀ ਨੇ ਉਨ੍ਹਾਂ ਅੰਦਰ ਵਿਰੋਧ ਦੀ ਭਾਵਨਾ ਲਈ ਜ਼ਮੀਨ ਪੈਦਾ ਕੀਤੀ ਜਿਸ ਦੇ ਨਤੀਜੇ ਵਜੋਂ ਕੌਮਾਂਤਰੀ ਵਿਦਿਆਰਥੀ ਜਥੇਬੰਦ ਹੋ ਕੇ ਸੰਘਰਸ਼ ਦੇ ਰਾਹ ਪੈ ਰਹੇ ਹਨ। ਬੀਤੇ ਤਿੰਨ ਵਰ੍ਹਿਆਂ ਵਿੱਚ ਮੌਂਟਰੀਅਲ ਵਿੱਚ ਤਿੰਨ ਕਾਲਜਾਂ ਦੇ ਦੀਵਾਲੀਆ ਹੋਣ 'ਤੇ ਫੀਸ ਵਾਪਸੀ (64 ਲੱਖ ਡਾਲਰ) ਖਿਲਾਫ਼ ਸੰਘਰਸ਼, ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਖਿਲਾਫ਼ ਸੰਘਰਸ਼, ਤਨਖ਼ਾਹਾਂ ਦੱਬਣ ਵਾਲੇ ਰੁਜ਼ਗਾਰਦਾਤਾਵਾਂ ਖਿਲਾਫ਼ ਸੰਘਰਸ਼, ਕੋਨਾਡੋਰ ਕਾਲਜ ਵਿੱਚ ਰਿਹਾਇਸ਼ੀ ਸਮੱਸਿਆ ਖਿਲਾਫ਼ ਸੰਘਰਸ਼ ਅਤੇ ਅਲਗੋਮਾ ਯੂਨੀਵਰਸਿਟੀ ਦੁਆਰਾ ਸਾਜ਼ਿਸ਼ੀ ਢੰਗ ਨਾਲ ਵਿਦਿਆਰਥੀਆਂ ਨੂੰ ਥੋਕ 'ਚ ਫੇਲ੍ਹ ਕਰਨ ਖਿਲਾਫ਼ ਸੰਘਰਸ਼ ਕੈਨੇਡਾ ਦੇ ਪ੍ਰਮੁੱਖ ਵਿਦਿਆਰਥੀ ਸੰਘਰਸ਼ ਹਨ।

ਵਿਦਿਆਰਥੀਆਂ ਨੂੰ ਸਪੱਸ਼ਟ ਹੋ ਰਿਹਾ ਹੈ ਕਿ ਸੰਸਾਰ ਮੰਡੀ ਵਿੱਚ ਸਿੱਖਿਆ ਵਪਾਰ, ਕਾਲਜ ਵਿਕਰੇਤਾ ਅਤੇ ਵਿਦਿਆਰਥੀ ਮਹਿਜ਼ ਗਾਹਕ ਹਨ। ਉਨ੍ਹਾਂ ਦੇ ਮਨ ਅੰਦਰ ਇਹ ਸਵਾਲ ਪੈਦਾ ਹੋ ਰਹੇ ਹਨ ਕਿ ਵੱਖ ਵੱਖ ਵਿੱਦਿਅਕ ਕੋਰਸਾਂ ਲਈ ਕੌਮਾਂਤਰੀ ਵਿਦਿਆਰਥੀਆਂ ਦੀ ਟਿਊਸ਼ਨ ਫੀਸ ਸਥਾਨਕ ਵਿਦਿਆਰਥੀਆਂ ਦੀ ਟਿਊਸ਼ਨ ਫੀਸ ਦੇ ਬਰਾਬਰ ਕਿਉਂ ਨਹੀਂ? ਕੌਮਾਂਤਰੀ ਵਿਦਿਆਰਥੀਆਂ ਨਾਲ ਕਾਲਜਾਂ-ਯੂਨੀਵਰਸਿਟੀਆਂ, ਰੁਜ਼ਗਾਰਦਾਤਾਵਾਂ ਅਤੇ ਏਜੰਟਾਂ ਵੱਲੋਂ ਕੀਤੀ ਜਾਂਦੀ ਧੋਖਾਧੜੀ ਸਬੰਧੀ ਕੈਨੇਡਾ ਸਰਕਾਰ ਕੋਈ ਠੋਸ ਕਾਨੂੰਨੀ ਸੁਰੱਖਿਆ ਤੇ ਗਾਰੰਟੀ ਮੁਹੱਈਆ ਕਿਉਂ ਨਹੀਂ ਕਰਵਾ ਰਹੀ?

ਅਜਿਹੀ ਹਾਲਤ ਵਿੱਚ ਕੈਨੇਡਾ ਵਿੱਚ ਰਹਿੰਦੇ ਕੌਮਾਂਤਰੀ ਵਿਦਿਆਰਥੀਆਂ ਨੂੰ ਸੁਰੱਖਿਅਤ ਕੰਮ ਹਾਲਤਾਂ, ਧੱਕੇਸ਼ਾਹੀ, ਗਾਲੀ-ਗਲੋਚ, ਘੱਟ ਤਨਖ਼ਾਹ, ਵੱਧ ਘੰਟੇ ਕੰਮ ਆਦਿ ਦੀ ਹਾਲਤ ਨੂੰ ਸੁਧਾਰਨ; ਕੌਮਾਂਤਰੀ ਵਿਦਿਆਰਥੀ ਦੀ ਮੌਤ ਹੋਣ 'ਤੇ ਉਸ ਦੀ ਮ੍ਰਿਤਕ ਦੇਹ ਉਸ ਦੇ ਦੇਸ਼, ਉਸ ਦੇ ਪਰਿਵਾਰ ਨੂੰ ਬਿਨਾਂ ਕਿਸੇ ਖਰਚੇ 'ਤੇ ਵਾਪਸ ਪਹੁੰਚਾਉਣ; ਵਧ ਰਹੇ ਮਾਨਸਿਕ ਬੋਝ ਅਤੇ ਆਤਮ-ਹੱਤਿਆ ਦਾ ਰੁਝਾਨ ਰੋਕਣ; ਵਰਕ ਪਰਮਿਟ ਜਾਂ ਐੱਲਐੱਮਆਈਏ ਬਦਲੇ ਗ਼ੈਰ-ਕਾਨੂੰਨੀ ਤੌਰ 'ਤੇ ਵਸੂਲੇ ਜਾਂਦੇ ਹਜ਼ਾਰਾਂ ਡਾਲਰਾਂ ਦੀ ਠੱਗੀ ਰੋਕਣ; ਵਿਦਿਆਰਥੀਆਂ ਨੂੰ ਜਨਤਕ ਟਰਾਂਸਪੋਰਟ 'ਚ ਮੁਫ਼ਤ ਸਫ਼ਰ ਦੀ ਸਹੂਲਤ ਦੇਣ, ਕਾਲਜ-ਯੂਨੀਵਰਸਿਟੀਆਂ 'ਚ ਰਿਹਾਇਸ਼ ਦਾ ਸਸਤਾ ਅਤੇ ਪੱਕਾ ਪ੍ਰਬੰਧ ਕਰਨ, ਕੌਮਾਂਤਰੀ ਵਿਦਿਆਰਥੀਆਂ ਨੂੰ ਕੈਨੇਡਾ ਦੇ ਪੱਕੇ ਵਸਨੀਕਾਂ ਦੇ ਬਰਾਬਰ ਸਸਤੀਆਂ ਤੇ ਮੁਫ਼ਤ ਸਰਕਾਰੀ ਸਿਹਤ ਸੇਵਾਵਾਂ ਹਾਸਲ ਕਰਨ, ਮਹਿੰਗੀਆਂ ਵਿਆਜ ਦਰਾਂ ਤੋਂ ਮੁਕਤ ਵਿਸ਼ੇਸ਼ ਗ੍ਰਾਂਟ ਪ੍ਰੋਗਰਾਮ ਚਲਾਏ ਜਾਣ, ਕਾਲਜ-ਯੂਨੀਵਰਸਿਟੀ ਕੈਂਪਸ ਅੰਦਰ ਸਮਲਿੰਗੀ ਵਿਦਿਆਰਥੀਆਂ ਨਾਲ ਲਿੰਗਕ ਭੇਦਭਾਵ ਤੇ ਜਿਨਸੀ ਹਿੰਸਾ ਨੂੰ ਖ਼ਤਮ ਕਰਨ, ਸਿੱਖਿਆ ਨੂੰ ਮੁਨਾਫ਼ੇਖੋਰ ਕਾਰਪੋਰੇਟ ਤੇ ਨਿੱਜੀ ਹਿੱਸੇਦਾਰੀ ਦੇ ਪ੍ਰਭਾਵ ਤੋਂ ਮੁਕਤ ਕਰ ਕੇ ਜਨਤਕ ਅਤੇ ਜਮਹੂਰੀ ਸਿੱਖਿਆ ਪ੍ਰਬੰਧ ਨੂੰ ਉਤਸ਼ਾਹਿਤ ਕਰਨ; 'ਹਰ ਇੱਕ ਨੂੰ ਬਰਾਬਰ, ਮਿਆਰੀ ਤੇ ਮੁਫ਼ਤ ਸਿੱਖਿਆ ਤੇ ਹਰ ਹੱਥ ਨੂੰ ਸਥਾਈ ਤੇ ਸੁਰੱਖਿਅਤ ਰੁਜ਼ਗਾਰ' ਦਾ ਬੁਨਿਆਦੀ ਹੱਕ ਦੇਣ, ਕੈਨੇਡਾ 'ਚ ਰਹਿੰਦੇ ਕੱਚੇ ਕਾਮਿਆਂ ਤੇ ਵਿਦਿਆਰਥੀਆਂ ਨੂੰ 'ਗੈਰ-ਕਾਨੂੰਨੀ' ਤੇ 'ਕੱਚੇ' ਵਾਲੇ ਭੇਤਭਰੇ ਤੇ ਅਸੁਰੱਖਿਅਤ ਠੱਪੇ ਤੋਂ ਮੁਕਤ ਕਰ ਕੇ ਪੱਕਾ ਕਰਨ ਆਦਿ ਮੰਗਾਂ ਨੂੰ ਲੈ ਕੇ ਜਥੇਬੰਦ ਹੋਣ ਅਤੇ ਸੰਘਰਸ਼ ਕਰਨ ਦੀ ਲੋੜ ਹੈ।



# ਕਦੇ ਪੰਜਾਬ ਦਾ ਪੈਰਿਸ ਹੁੰਦਾ ਸੀ ਕਪੂਰਥਲਾ





ਰਿਆਸਤੀ ਅਤੇ ਵਿਰਾਸਤੀ ਸ਼ਹਿਰ ਕਪੂਰਥਲਾ ਕੋਟਕ ਰਾਜਪੂਤਾਂ ਵੱਲੋਂ ਵਸਾਇਆ ਸ਼ਹਿਰ ਹੈ। ਗਿਆਰਵੀਂ ਸਦੀ ਤੋਂ ਲੈ ਕੇ 1772 ਈ. ਤੱਕ ਇਸ ਰਿਆਸਤ 'ਤੇ ਵੱਖ- ਵੱਖ ਮੁਗਲਾਂ ਵੱਲੋਂ ਰਾਜ ਕੀਤਾ ਗਿਆ, ਜੋ ਦਿੱਲੀ ਦਰਬਾਰ ਹੇਠ ਕੰਮ ਕਰਦੇ ਸਨ। ਸਾਲ 1772 ਵਿਚ ਆਹਲੂਵਾਲੀਆ ਸਿੱਖ ਸ਼ਾਸਕਾਂ ਵੱਲੋਂ ਇਸ ਨੂੰ ਆਪਣੇ ਅਧੀਨ ਕਰ ਲਿਆ ਗਿਆ। ਇਹ ਪੰਜਾਬ ਦੇ ਆਹਲੂਵਾਲੀਆ ਖ਼ਾਨਦਾਨ ਦੀ ਰਿਆਸਤ ਸੀ, ਜਿਸ ਦਾ ਆਗੂ ਸਾਧੂ ਸਿੰਘ ਸੀ । ਸਾਧੂ ਸਿੰਘ ਦਾ ਨਾਂ ਸਦਾ ਸਿੰਘ ਵੀ ਦੱਸਿਆ ਜਾਂਦਾ, ਜਿਸ ਨੇ ਲਾਹੌਰ ਜ਼ਿਲ੍ਹੇ ਵਿਚ ਚਾਰ ਪਿੰਡ ਵਸਾਏ ਸਨ ਅਤੇ ਇਨ੍ਹਾਂ ਚਾਰੇ ਪਿੰਡਾਂ ਵਿੱਚੋਂ ਇਕ ਪਿੰਡ ਦਾ ਨਾਂ ਆਹਲੂ ਵੀ ਸੀ, ਜਿਸ ਤੋਂ ਇਸ ਖ਼ਾਨਦਾਨ ਦਾ ਨਾਂ ਆਹਲੂਵਾਲੀਆ ਪਿਆ। ਇਸ ਖ਼ਾਨਦਾਨ ਦੇ ਲੋਕ ਕਪੂਰਥਲੇ 'ਤੇ ਰਾਜ ਕਰਨ ਤੋਂ ਪਹਿਲਾਂ ਬਾਰੀ ਦੁਆਬ ਅਤੇ ਸਤਲੁਜ ਦੇ ਇਲਾਕਿਆਂ ਦੇ ਮਾਲਕ ਸਨ ਅਤੇ ਬਾਅਦ ਵਿਚ ਇਹ ਪਿੰਡ ਆਹਲੂ ਰਹਿਣ ਲੱਗੇ, ਜਿੱਥੇ ਇਨ੍ਹਾਂ ਨੇ ਬਹੁਤ ਉੱਨਤੀ ਕੀਤੀ। 1780 ਵਿਚ ਜੱਸਾ ਸਿੰਘ ਨੇ ਬਾਰੀ ਦੁਆਬ ਦੀ ਮਲਕੀਅਤ ਸੰਭਾਲੀ। ਇਹ ਸਾਧੂ ਸਿੰਘ ਦਾ ਪੜੋਤਾ ਸੀ। ਜੱਸਾ ਸਿੰਘ ਨੇ ਗੁਰੂ ਮਰਿਆਦਾ



ਨਾਲ ਰਾਜ ਨੂੰ ਸੰਭਾਲਿਆ ਅਤੇ ਸਿੱਖ ਮਰਿਆਦਾ ਵਿਚ ਰਹਿੰਦਿਆਂ ਬਹੁਤ ਉੱਨਤੀ ਕੀਤੀ। 1783 ਵਿਚ ਉਸ ਦੇ ਦਿਹਾਂਤ ਤੋਂ ਬਾਅਦ ਭਾਗ ਸਿੰਘ ਜਗੀਰ ਦਾ ਮਾਲਕ ਬਣਿਆ ਅਤੇ ਉਸ ਤੋਂ ਬਾਅਦ ਉਸ ਦੇ ਪੁੱਤਰ ਫਤਿਹ ਸਿੰਘ ਨੂੰ ਸਰਦਾਰੀ ਮਿਲੀ । ਫਤਿਹ ਸਿੰਘ ਤੋਂ ਬਾਅਦ ਨਿਹਾਲ ਸਿੰਘ ਕਪੂਰਥਲੇ ਦਾ ਸਰਦਾਰ ਬਣਿਆ, ਜਿਸ ਤੋਂ ਈਸਟ ਇੰਡੀਆ ਕੰਪਨੀ ਨੇ ਸਤਲੁਜ ਦਾ ਦੱਖਣੀ ਇਲਾਕਾ ਖੋਹ ਲਿਆ। 1845 ਵਿਚ ਇਹ ਇਲਾਕਾ ਸੁਤੰਤਰ ਰੂਪ ਵਿਚ ਆਹਲੂਵਾਲੀਆ ਨੂੰ ਮਿਲ ਗਿਆ ਅਤੇ ਨਿਹਾਲ ਸਿੰਘ ਇਸ ਦਾ ਰਾਜਾ ਬਣਿਆ। ਨਿਹਾਲ ਸਿੰਘ ਤੋਂ ਬਾਅਦ ਰਣਧੀਰ ਸਿੰਘ ਅਤੇ ਫਿਰ ਖੜਕ ਸਿੰਘ ਕਪੂਰਥਲਾ ਰਿਆਸਤ ਦੀ ਗੱਦੀ 'ਤੇ ਬੈਠਿਆ। ਰਾਜਾ ਖੜਕ ਸਿੰਘ ਨੇ 7 ਸਾਲ ਰਾਜ ਕੀਤਾ ਅਤੇ 1877 'ਚ ਉਸ ਦਾ ਦਿਹਾਂਤ ਹੋ ਗਿਆ। ਫਿਰ ਉਸ ਦਾ ਪੁੱਤਰ ਜਗਤਜੀਤ ਸਿੰਘ ਗੱਦੀ 'ਤੇ ਬੈਠਾ ਪਰ ਉਸ ਦੇ ਨਾਬਾਲਗ ਹੋਣ ਕਾਰਨ ਰਿਆਸਤ ਦਾ ਪ੍ਰਬੰਧਕ ਪੰਜਾਬ ਦੇ ਇਕ ਅਫਸਰ ਦੁਆਰਾ ਚਲਾਇਆ ਗਿਆ। ਜਗਤਜੀਤ ਸਿੰਘ ਇਕ ਚੰਗਾ ਰਾਜਾ ਸਿੱਧ ਹੋਇਆ ਤੇ ਉਸ ਨੇ ਆਪਣੇ ਸ਼ਾਸਨ ਕਾਲ ਵਿਚ ਇਤਿਹਾਸਕ ਇਮਾਰਤਾਂ ਦਾ ਨਿਰਮਾਣ ਕਰਵਾਇਆ, ਜਿਨ੍ਹਾਂ ਵਿੱਚੋਂ ਇਕ ਨਾਯਾਬ ਇਮਾਰਤ ਸੀ ਦਰਬਾਰ ਹਾਲ, ਜਿਸ ਨੂੰ ਉਸ ਸਮੇਂ ਸ਼ਾਹੀ ਦਰਬਾਰ ਜਾਂ ਕਚਹਿਰੀ ਵੀ ਕਿਹਾ ਜਾਂਦਾ ਸੀ।

**ਭਾਰਤੀ ਤੇ ਅਰਬੀ ਸੱਭਿਅਤਾ ਦਾ ਮਾਣ** : ਸ਼ਹਿਰ ਦੇ ਦਿਲ ਵਿਚ ਸਥਿਤ ਦਰਬਾਰ ਹਾਲ ਭਾਰਤ ਅਤੇ ਅਰਬੀ ਸੱਭਿਅਤਾ ਦੇ ਗੌਰਵ ਦੀ ਸ਼ਾਨਦਾਰ ਸੰਰਚਨਾ ਹੈ। ਇਹ ਇਮਾਰਤ ਕਪੂਰਥਲਾ ਦੇ ਰਾਜ ਦੇ ਸ਼ਾਸਕਾਂ ਦੇ ਕਲਾਤਮਿਕ ਗੁਣ ਨੂੰ ਵਿਖਾਉਂਦੀ ਹੈ। ਪੱਥਰ 'ਤੇ ਜਾਲੀ ਦਾ ਕੰਮ ਪੂਰੀ ਇਮਾਰਤ ਦੇ ਮਾਹੌਲ ਨੂੰ ਇਕ ਸ਼ਾਹੀ ਭਾਵ ਦਿੰਦਾ ਹੈ। ਇਸ ਜਗ੍ਹਾ ਵਿਚ ਲੱਕੜੀ ਦੇ ਮੁੱਖ ਦੁਆਰ ਦੇ ਸਾਹਮਣੇ ਕਪੂਰਥਲਾ ਸ਼ਾਹੀ ਪਰਿਵਾਰ ਦੇ ਇਕ ਮੈਂਬਰ ਦੀ ਵਿਸ਼ਾਲ ਤਾਂਬੇ ਦੀ ਪ੍ਰਤਿਮਾ ਵੀ ਹੈ। ਇਸ ਸ਼ਾਹੀ ਦਰਬਾਰ ਹਾਲ ਨੂੰ ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ ਨੇ ਸੰਨ 1882 ਤੋਂ ਬਣਵਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ 1890 ਤੱਕ ਇਸ ਨੂੰ ਪੂਰਾ ਕੀਤਾ ਗਿਆ। ਇਸ ਹਾਲ ਨੂੰ ਬ੍ਰਿਟਿਸ਼ ਇੰਜੀਨੀਅਰ ਜੇਓਐੱਸ ਐਲਮੇਰੀ ਨੇ ਸਪਾਟ ਖੁੱਲ੍ਹਾ ਹਾਲ ਬਣਾਇਆ ਸੀ, ਇਸ ਦੀ ਉਸਾਰੀ ਵਿਚ ਕੋਈ ਸੀਮੈਂਟ ਨਹੀਂ ਲੱਗਿਆ ਤੇ ਨਾ ਹੀ ਲੈਂਟਰ ਪਾਇਆ ਗਿਆ। ਇੱਟਾਂ ਅਤੇ ਚੂਨੇ ਦੀਆਂ 14 ਪਰਤਾਂ ਪਾ ਕੇ ਤਿਆਰ ਕੀਤਾ ਗਿਆ। ਇਹ ਉਸ ਸਮੇਂ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਹਾਲ ਸੀ ਅਤੇ ਇਸ ਦੀ ਕਲਾਕ੍ਰਿਤੀ ਬ੍ਰਿਟਿਸ਼ ਅਤੇ ਇੰਡੀਅਨ ਕਲਚਰ ਨੂੰ ਦਿਖਾਉਂਦੀ ਹੈ। ਇਹ ਉੱਤਰ ਭਾਰਤ ਦੀਆਂ ਪ੍ਰਾਚੀਨ ਇਮਾਰਤਾਂ ਦਾ ਅਜੂਬਾ ਹੈ। ਇਸ ਹਾਲ ਦੇ ਅੰਦਰ ਲੱਗੇ ਝੂਮਰਾਂ



ਨੂੰ ਛੱਤ ਤੱਕ ਪਹੁੰਚਾਉਣ ਲਈ ਹਾਥੀਆਂ ਦੇ ਨਾਲ ਰੱਸੇ ਖਿੱਚੇ ਗਏ ਸਨ ਅਤੇ ਇਸ 'ਚ ਕੀਤੀ ਗਈ ਮੀਨਾਕਾਰੀ ਅੱਜ ਵੀ ਚਮਕਦੀ ਹੈ।

**ਪੰਜਾਬ ਦਾ ਪੈਰਿਸ** : ਕਪੂਰਥਲਾ ਜਲੰਧਰ ਸ਼ਹਿਰ ਦੇ ਪੱਛਮ ਵਿਚ ਸਥਿਤ ਪੰਜਾਬ ਦਾ ਪ੍ਰਮੁੱਖ ਸ਼ਹਿਰ ਹੈ। ਕਪੂਰਥਲਾ ਜ਼ਿਲ੍ਹੇ ਦਾ ਮੁੱਖ ਕੇਂਦਰ ਹੈ। ਇਸ ਦਾ ਨਾਂ ਇਸ ਦੇ ਸੰਸਥਾਪਕ ਨਵਾਬ ਕਪੂਰ ਸਿੰਘ ਦੇ ਨਾਂ 'ਤੇ ਪਿਆ । ਬਾਅਦ ਵਿਚ ਕਪੂਰਥਲਾ ਰਿਆਸਤ ਦੇ ਰਾਜਾ ਫਤਿਹ ਸਿੰਘ ਆਹਲੂਵਾਲੀਆ ਦੀ ਸ਼ਾਹੀ ਰਾਜਧਾਨੀ ਸੀ। ਇਹ ਸ਼ਹਿਰ ਆਪਣੀਆਂ ਖ਼ੂਬਸੂਰਤ ਇਮਾਰਤਾਂ ਅਤੇ ਸੜਕਾਂ ਲਈ ਜਾਣਿਆ ਜਾਂਦਾ ਹੈ। ਇਕ ਸਮੇਂ ਇਸ ਦੀ ਸਫ਼ਾਈ ਨੂੰ ਦੇਖ ਕੇ ਇਸ ਨੂੰ ਪੰਜਾਬ ਦਾ ਪੈਰਿਸ ਕਿਹਾ ਜਾਂਦਾ ਸੀ । ਭਾਵੇਂ ਰਿਆਸਤੀ ਤੇ ਵਿਰਾਸਤੀ ਕਪੂਰਥਲਾ ਨੂੰ ਰਾਜਿਆਂ ਅਤੇ ਮਹਾਰਾਜਿਆਂ ਦਾ ਸ਼ਹਿਰ ਮੰਨਿਆ ਜਾਂਦਾ ਹੈ ਪਰ ਰਿਆਸਤ ਕਪੂਰਥਲਾ ਦੇ ਬਾਨੀ ਸੁਲਤਾਨ ਉਲ ਕੌਮ ਨਵਾਬ ਸਰਦਾਰ ਜੱਸਾ ਸਿੰਘ ਆਹਲੂਵਾਲੀਆ 18ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਹੋਏ ਹਨ, ਜਿਨ੍ਹਾਂ ਦੇ ਨਾਂ ਤੋਂ ਵੱਡੇ ਵੱਡੇ ਸ਼ਾਸਕ ਵੀ ਕੰਬ ਜਾਂਦੇ ਸਨ, ਇੱਥੇ ਤੱਕ ਕਿ ਅਹਿਮਦ ਸ਼ਾਹ ਅਬਦਾਲੀ ਨੂੰ ਵੀ ਨਵਾਬ ਜੱਸਾ ਸਿੰਘ ਆਹਲੂਵਾਲੀਆ ਤੋਂ ਲੜਾਈ 'ਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਨਵਾਬ ਜੱਸਾ ਸਿੰਘ ਨੇ 1761 ਵਿਚ ਲਾਹੌਰ 'ਤੇ ਕਬਜ਼ਾ ਕਰ ਲਿਆ ਅਤੇ 1762 ਵਿਚ ਉਨ੍ਹਾਂ ਵੱਲੋਂ ਕਪੂਰਥਲਾ ਰਿਆਸਤ ਦੀ ਨੀਂਹ ਰੱਖੀ ਗਈ, ਜਿਸ ਤੋਂ ਬਾਅਦ ਦੇਸ਼ ਦੀ ਆਜ਼ਾਦੀ ਤੱਕ ਕਪੂਰਥਲਾ ਰਿਆਸਤ 'ਚ ਰਾਜਿਆਂ-ਮਹਾਰਾਜਿਆਂ ਦਾ ਦੌਰ ਜਾਰੀ ਰਿਹਾ।

### ਕਪੂਰਥਲਾ ਸ਼ਹਿਰ ਦੀ ਨੀਂਹ

ਕਿਹਾ ਜਾਂਦਾ ਹੈ ਕਿ ਕਪੂਰਥਲਾ ਸ਼ਹਿਰ ਦੀ ਨੀਂਹ ਜੈਸਲਮੇਰ ਤੋਂ ਇੱਥੇ ਆਏ ਉੱਥੋਂ ਦੇ ਰਾਜਪੂਤ ਰਜਵਾੜੇ ਖ਼ਾਨਦਾਨ ਦੇ ਰਾਣਾ ਕਪੂਰ ਨੇ ਗਿਆਰਵੀਂ ਸਦੀ ਦੇ ਆਰੰਭ ਵਿਚ ਸੁਲਤਾਨ ਮਹਿਮੂਦ ਗਜ਼ਨਵੀ ਦੇ ਸਮੇਂ ਦੌਰਾਨ ਰੱਖੀ। ਮੁਸਲਮਾਨਾਂ ਦੇ ਰਾਜਕਾਲ ਦੌਰਾਨ ਇਸ ਸ਼ਹਿਰ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਸੀ ਪਰ ਅਠਾਰਵੀਂ ਸਦੀ ਦੇ ਮੱਧ ਵਿਚ ਜਲੰਧਰ ਦੁਆਬ ਦੇ ਮੁਗ਼ਲ ਗਵਰਨਰ ਨਵਾਬ ਅਦੀਨਾ ਬੇਗ ਦੀ ਮੌਤ ਉਪਰੰਤ ਰਾਇ ਇਬਰਾਹੀਮ ਖ਼ਾਨ ਨਾਮੀ ਇਕ ਮੁਸਲਮਾਨ ਸਰਦਾਰ ਨੇ ਕਪੂਰਥਲਾ ਵਿਖੇ ਆਪਣੀ ਆਜ਼ਾਦ ਹੈਸੀਅਤ ਸਥਾਪਤ ਕਰ ਲਈ। ਸੰਨ 1780 ਵਿਚ ਜੱਸਾ ਸਿੰਘ ਆਹਲੂਵਾਲੀਆ ਨੇ ਉਸ ਹੱਥੋਂ ਤਾਕਤ ਆਪਣੇ ਹੱਥ ਲੈ ਲਈ ਅਤੇ ਇਹ ਸ਼ਹਿਰ ਕਪੂਰਥਲਾ ਰਿਆਸਤ ਦੀ ਰਾਜਧਾਨੀ ਬਣ ਗਿਆ। ਮੌਜੂਦਾ ਸਮੇਂ ਵਿਚ ਆਹਲੂਵਾਲੀਆ ਦੇ ਵੰਸ਼ਜ ਟਿੱਕਾ ਰਾਜਾ ਸ਼ਤਰੂਜੀਤ ਸਿੰਘ ਅਤੇ ਮਹਾਰਾਜਾ ਕੁਮਾਰ ਸੁਰੀਆਜੀਤ ਸਿੰਘ ਵਿਦੇਸ਼ ਵਿਚ ਰਹਿੰਦੇ ਹਨ। ਕੁਝ ਸਮਾਂ ਪਹਿਲਾਂ ਵੰਸ਼ਜ ਟਿੱਕਾ ਰਾਜਾ ਸਤਰੂਜੀਤ ਸਿੰਘ ਨੂੰ ਫਰਾਂਸ ਵਿਚ ਸਰਵਉੱਚ ਸਿਵਲ ਪੁਰਸਕਾਰ 'ਲੀਜਨ ਆਫ ਆਨਰ' ਨਾਲ ਨਿਵਾਜਿਆ ਗਿਆ। ਇਸ ਤੋਂ ਪਹਿਲਾਂ ਇਹ ਪੁਰਸਕਾਰ ਮਹਾਰਾਜਾ ਜਗਤਜੀਤ ਸਿੰਘ ਅਤੇ ਮਹਾਰਾਜਾ ਪਰਮਜੀਤ ਸਿੰਘ ਨੂੰ ਵੀ ਮਿਲ ਚੁੱਕਿਆ ਹੈ। ਇਸੇ ਤਰ੍ਹਾਂ 'ਲੀਜ਼ਨ ਆਫ ਆਨਰ' ਪੁਰਸਕਾਰ ਪ੍ਰਾਪਤ ਕਰਨ ਵਾਲੇ ਰਾਜਾ ਸ਼ਤਰੂਜੀਤ ਸਿੰਘ ਤੀਸਰੇ ਵੰਸ਼ ਵਿਚੋਂ ਹਨ।

### ਦੋ ਵਾਰ ਲੱਗਦੀ ਸੀ ਕਚਹਿਰੀ

ਸ਼ਾਹੀ ਦਰਬਾਰ ਇੰਡੋ ਸਾਰਸੈਨਿਕ ਆਰਕੀਟੈਕਚਰ ਦਾ ਅਦਭੁੱਤ ਨਮੂਨਾ ਹੈ। ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ ਵੱਲੋਂ ਇਸ ਨੂੰ 19ਵੀਂ ਸਦੀ ਦੇ ਅੰਤ ਵਿਚ ਬਣਾਇਆ ਗਿਆ ਸੀ। ਇਸ ਦਾ ਨਿਰਮਾਣ ਸੰਨ 1882 ਵਿਚ ਸ਼ੁਰੂ ਹੋਇਆ ਅਤੇ ਸੰਨ 1890 ਵਿਚ ਯਾਨੀ 8 ਸਾਲਾਂ 'ਚ ਪੂਰਿਆਂ ਕੀਤਾ ਗਿਆ। ਮਹਾਰਾਜਾ ਵੱਲੋਂ ਇਸ ਦਰਬਾਰ ਹਾਲ ਨੂੰ ਵੀ ਸਿੱਖ ਪਰੰਪਰਾ ਦੇ ਅਨੁਸਾਰ ਬਣਾਇਆ ਗਿਆ ਸੀ ਅਤੇ ਉਨ੍ਹਾਂ ਵੱਲੋਂ ਇਸ ਨੂੰ ਸਾਲ 'ਚ ਦੋ ਵਾਰ ਆਪਣੇ ਦਰਬਾਰ (ਕਚਹਿਰੀ) ਲਈ ਵਰਤਿਆ ਜਾਂਦਾ ਸੀ । ਇਸ ਤੋਂ ਇਲਾਵਾ ਮਹਾਰਾਜਾ ਦੇ ਜਨਮ ਦਿਨ ਦੇ ਜਸ਼ਨ, ਸੂਬੇ ਦੀਆਂ ਰਸਮਾਂ ਅਤੇ ਸਮਾਰੋਹ ਵੀ ਦਰਬਾਰ ਹਾਲ ਵਿਚ ਹੀ ਆਯੋਜਿਤ ਕੀਤੇ ਜਾਂਦੇ ਸਨ। ਇਸ ਦੇ ਨਾਲ ਹੀ ਵਧੀਆ ਕੰਮ ਕਰਨ ਵਾਲੇ ਅਧਿਕਾਰੀਆਂ ਅਤੇ ਆਮ ਜਨਤਾ ਦਾ ਸਨਮਾਨ ਵੀ ਇਸੇ ਦਰਬਾਰ ਹਾਲ 'ਚ ਕੀਤਾ ਜਾਂਦਾ ਸੀ । ਸੰਨ 1947 ਤੋਂ ਬਾਅਦ ਇਹ ਇਕ ਸਰਕਾਰੀ ਜਾਇਦਾਦ ਬਣ ਗਈ ਅਤੇ ਸਰਕਾਰ ਵੱਲੋਂ ਇਸ ਨੂੰ ਅਦਾਲਤਾਂ ਅਤੇ ਪ੍ਰਬੰਧਕੀ ਕੰਪਲੈਕਸ ਲਈ ਬਦਲ ਦਿੱਤਾ ਗਿਆ।

**ਨਵਾਬ ਜੱਸਾ ਸਿੰਘ ਆਹਲੂਵਾਲੀਆ** : ਨਵਾਬ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ 1718 ਨੂੰ ਲਾਹੌਰ ਦੇ ਛੋਟੇ ਜਿਹੇ ਪਿੰਡ ਆਹਲੂ ਵਿਚ ਹੋਇਆ ਸੀ। ਉਹ ਸਿਰਫ਼ 5 ਸਾਲ ਦੇ ਸਨ, ਜਦੋਂ ਉਨ੍ਹਾਂ ਦੇ ਪਿਤਾ ਬਦਰ ਸਿੰਘ ਦਾ ਦਿਹਾਂਤ ਹੋ ਗਿਆ, ਜਿਸ ਤੋਂ ਬਾਅਦ ਮਾਤਾ ਸੁੰਦਰੀ ਜੀ ਦੀ ਦੇਖ-ਰੇਖ 'ਚ ਪਲੇ। ਬਾਅਦ ਵਿਚ ਕਪੂਰਥਲਾ ਦੇ ਸੰਸਥਾਪਕ ਨਵਾਬ ਕਪੂਰ ਸਿੰਘ ਆਹਲੂਵਾਲੀਆ ਨੂੰ ਆਪਣੇ ਨਾਲ ਲੈ ਆਏ ਅਤੇ ਨਵਾਬ ਕਪੂਰ ਸਿੰਘ ਨੇ ਉੱਚ ਧਾਰਮਿਕ ਵਿੱਦਿਆ ਅਤੇ ਸ਼ਾਸਤਰ ਵਿੱਦਿਆ ਦਿੱਤੀ। ਜੱਸਾ ਸਿੰਘ ਨੇ ਗੁਰੂ ਮਰਿਆਦਾ ਨਾਲ ਰਾਜ ਨੂੰ ਸੰਭਾਲਿਆ ਅਤੇ ਬਹੁਤ ਉੱਨਤੀ ਕੀਤੀ। 1753 ਵਿਚ ਨਵਾਬ ਕਪੂਰ ਸਿੰਘ ਦੀ ਮੌਤ ਹੋ ਗਈ, ਲੇਕਿਨ ਉਹ ਪਹਿਲਾਂ ਹੀ ਜੱਸਾ ਸਿੰਘ ਆਹਲੂਵਾਲੀਆ ਨੂੰ ਦਲ ਖਾਲਸਾ ਦਾ ਮੁਖੀ ਸਥਾਪਿਤ ਕਰ ਗਏ ਸਨ।

—ਗੁਰਵਿੰਦਰ ਕੌਰ

# ਜਿਥੇ ਸੂਰਜ ਦੇ ਭਾਰਤ ਵਿੱਚ ਸਭ ਤੋਂ ਪਹਿਲਾਂ ਇੱਥੇ ਦਰਸ਼ਨ ਹੁੰਦੇ ਹਨ

ਭਾਰਤ ਵਰਗੇ ਵਿਲੱਖਣ ਦੇਸ਼ ਵਿਚ ਵੱਖ- ਵੱਖ ਥਾਵਾਂ 'ਤੇ ਵੱਖ-ਵੱਖ ਖਾਣ-ਪੀਣ ਦੀਆਂ ਆਦਤਾਂ, ਲੋਕ, ਬੋਲੀ, ਭਾਸ਼ਾਵਾਂ ਅਤੇ ਮੌਸਮ ਦੇਖਣ ਨੂੰ ਮਿਲਦਾ ਹੈ। ਹੋਰ ਤਾਂ ਹੋਰ, ਇਥੇ ਸੂਰਜ ਚੜ੍ਹਨ ਅਤੇ ਸੂਰਜ ਡੁੱਬਣ ਦਾ ਸਮਾਂ ਇੱਕੋ ਜਿਹਾ ਨਹੀਂ। . ਹੈ। ਕਈ ਥਾਵਾਂ 'ਤੇ ਸਵੇਰ ਹੁੰਦੀ ਹੈ ਅਤੇ ਕਈ ਥਾਵਾਂ 'ਤੇ ਦੇਰ ਸ਼ਾਮ ਹੁੰਦੀ ਹੈ, ਪਰ ਕੀ ਤੁਸੀਂ ਜਾਣਦੇ ਹੋ ਕਿ ਭਾਰਤ ਵਿਚ ਸੂਰਜ ਚੜ੍ਹਨ ਦਾ ਸਮਾਂ ਸਭ ਤੋਂ ਪਹਿਲਾਂ ਕਿੱਥੇ ਹੁੰਦਾ ਹੈ ? ਭਾਵੇਂ ਬਹੁਤ – ਸਾਰੇ ਲੋਕ ਉਸ ਸੂਬੇ ਦਾ ਨਾਂ ਅਰੁਣਾਚਲ ਪ੍ਰਦੇਸ਼ ਦੱਸਦੇ ਹਨ, ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਉਸ ਸੂਬੇ ਦੇ ਕਿਹੜੇ ਪਿੰਡ ਵਿਚ ਸੂਰਜ ਦੇਵਤਾ ਸਭ ਤੋਂ ਪਹਿਲਾਂ ਦਿਖਾਈ ਦਿੰਦਾ ਹੈ। ਦਰਅਸਲ, ਅਰੁਣਾਚਲ ਦਾ ਅਰਥ ਹੀ 'ਸੂਰਜ ਆਂਚਲ' ਹੁੰਦਾ ਹੈ ਅਤੇ ਦੇਸ ਦਾ ਪਹਿਲਾ ਸੂਰਜ ਚੜ੍ਹਨਾ ਇਸ ਸੂਬੇ ' ਦੇ ਡੌਂਗ ਪਿੰਡ ਵਿਚ ਹੁੰਦਾ ਹੈ।

ਕਿਸ ਸਮੇਂ ਚੜ੍ਹਦਾ ਹੈ ਡੌਂਗ ਵਿਚ ਸੂਰਜ ਅਰੁਣਾਚਲ ਪ੍ਰਦੇਸ਼ ਦੀ ਡੌਂਗ ਘਾਟੀ ਵਿਚ ਸਥਿਤ ਡੌਂਗ ਪਿੰਡ ਵਿਚ ਸਵੇਰੇ 4 ਵਜੇ ਦੇ ਕਰੀਬ ਸੂਰਜ ਚੜ੍ਹਦਾ ਹੈ ਅਤੇ ਸ਼ਾਮ 4 ਵਜੇ ਸੂਰਜ ਡੁੱਬਦਾ ਹੈ। ਅੰਜਾਵ ਜ਼ਿਲ੍ਹੇ ਦਾ ਇਹ ਪੂਰਬੀ ਪਿੰਡ ਜ਼ਮੀਨ ਤੋਂ ਲਗਭਗ 1240 ਮੀਟਰ ਦੀ ਉਚਾਈ 'ਤੇ ਸਥਿਤ ਹੈ। ਪਿੰਡ ਆਪਣੇ ਆਪ ਵਿਚ ਬਹੁਤ ਵਿਲੱਖਣ ਹੈ।

**ਕਿੱਥੇ ਹੈ ਡੌਂਗ ਪਿੰਡ ?** : ਇਹ ਸਥਾਨ ਆਪਣੀ ਕੁਦਰਤੀ ਅਤੇ




ਅਨੋਖੀ ਸੁੰਦਰਤਾ ' ਲਈ ਵੀ ' ਜਾਣਿਆ ਜਾਂਦਾ ਹੈ । ਸੈਲਾਨੀ ਅਤੇ ਫੋਟੋਗ੍ਰਾਫੀ ਦੇ ਸ਼ੌਕੀਨ ਲੋਕ ਇਸ ਸਥਾਨ 'ਤੇ ਆਉਣ ਲਈ ਆਉਂਦੇ ਰਹਿੰਦੇ ਹਨ। ਇਹ ਭਾਰਤ, ਮਿਆਂਮਾਰ ਅਤੇ ਚੀਨ ਦੇ 'ਤ੍ਰਿਕੋਣੀ-ਜੰਕਸ਼ਨ' 'ਤੇ ਤਿੰਨ ਦੇਸ਼ਾਂ ਨਾਲ ਘਿਰਿਆ ਹੋਇਆ ਹੈ।

ਇਥੇ ਟ੍ਰੈਕਿੰਗ ਕਰਦੇ ਸਮੇਂ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ। ਜੇਕਰ ਤੁਸੀਂ ਭਾਰਤ 'ਚ ਕੋਈ ਅਨੋਖੀ ਜਗ੍ਹਾ ਦੇਖਣ ਦੀ ਯੋਜਨਾ ਬਣਾ ਰਹੇ ਹੋ ਤਾਂ ਇਹ ਜਗ੍ਹਾ ਤੁਹਾਡੇ ਲਈ ਸਭ ਤੋਂ ਵਧੀਆ ਸਿੱਧ ਹੋ ਸਕਦੀ ਹੈ।

**ਕਿਵੇਂ ਪਹੁੰਚਣਾ ਹੈ ?** ਇਥੇ ਪਹੁੰਚਣ ਲਈ ਤੁਹਾਨੂੰ ਅਸਾਮ ਦੇ ਡਿਬਰੂਗੜ੍ਹ ਤੱਕ ਰੇਲ ਰਾਹੀਂ ਜਾਣਾ ਪਵੇਗਾ ਜਾਂ ਤੁਸੀਂ ਦਿੱਲੀ, ਕੋਲਕਾਤਾ ਅਤੇ ਗੁਹਾਟੀ ਤੋਂ ਉਡਾਣ ਭਰ ਸਕਦੇ ਹੋ। ਇਕ ਵਾਰ ਜਦੋਂ ਤੁਸੀਂ ਇੱਥੇ ਪਹੁੰਚਦੇ ਹੋ, ਤਾਂ ਤੁਹਾਨੂੰ ਵਾਲੋਂਗ ਪਹੁੰਚਣਾ ਹੋਵੇਗਾ ।

ਵਾਲੋਂਗ ਮੁੱਖ ਟ੍ਰੈਕਿੰਗ ਪੁਆਇੰਟ ਹੈ, ਇਥੋਂ ਤੁਹਾਨੂੰ ਡੌਂਗ ਵੈਲੀ ਤੱਕ ਪਹੁੰਚਣ ਲਈ 90 ਮਿੰਟ ਲੱਗਣਗੇ। ਸੂਰਜ ਚੜ੍ਹਨ ਵਾਲੇ ਸਥਾਨ 'ਤੇ ਪਹੁੰਚਣ ਲਈ ਤੁਹਾਨੂੰ ਸਵੇਰੇ 2 ਵਜੇ ਤੋਂ ਚੜ੍ਹਨਾ ਸ਼ੁਰੂ ਕਰਨਾ ਪਏਗਾ। ਟ੍ਰੈਕਿੰਗ ਥੋੜ੍ਹੀ ਮੁਸ਼ਕਲ ਹੈ ਪਰ ਸੁੰਦਰ ਦ੍ਰਿਸ਼ ਅਤੇ ਹਰੇ ਭਰੇ ਮੈਦਾਨ ਤੁਹਾਡੀ ਸਾਰੀ ਥਕਾਵਟ ਦੂਰ ਕਰ ਦੇਣਗੇ।

**ਰਹਿਣ ਦਾ ਪ੍ਰਬੰਧ** : ਅਰੁਣਾਚਲ ਪ੍ਰਦੇਸ਼ ਇਕ ਪ੍ਰਤਿਬੰਧਿਤ ਖੇਤਰ ਹੈ ਅਤੇ ਰਾਜ ਵਿਚ ਆਉਣ ਲਈ ਇਨਰ ਲਾਈਨ ਪਰਮਿਟ ਦੀ ਲੋੜ ਹੁੰਦੀ ਹੈ। ਤੁਸੀਂ ਅਰੁਣਾਚਲ ਆਈ.ਐਲ.ਪੀ ਤੁਸੀਂ ਵੈੱਬਸਾਈਟ 'ਤੇ ਜਾ ਕੇ ਪਰਮਿਟ ਲਈ ਦੇ ਸਕਦੇ ਹੋ ਇਕ ਵਾਰ ਜਦੋਂ ਤੁਸੀਂ ਪਰਮਿਟ ਪ੍ਰਾਪਤ ਕਰ ਲੈਂਦੇ ਹੋ, ਤਾਂ ਤੁਸੀਂ ਇਸ ਸਥਾਨ ਅਤੇ ਅਰੁਣਾਚਲ ਵਿਚ ਹੋਰ ਥਾਵਾਂ 'ਤੇ ਜਾ ਸਕਦੇ ਹੋ। ਜੇਕਰ ਤੁਸੀ ਹਾਈਕਿੰਗ ਯੋਜਨਾ ਬਣਾ ਰਹੇ ਹੋ, ਤਾਂ ਤੁਸੀਂ ਤੇਜ਼, ਹਿਉਲਿਯਾਂਗ ਜਾਂ ਹਵਾਈ ਵਿਚ ਠਹਿਰ ਸਕਦੇ ਹੋ।

# "ਦੇ ਦੇ ਗੇੜਾ" ਦੇ ਗੀਤ ਦੇ ਗਾਇਕ ਬਲਬੀਰ ਬੋਪਾਰਾਏ ਦਾ ਯੂ.ਕੇ. ਗੇੜਾ

## ਲਵ ਫੌਰ ਮਿਊਜ਼ਿਕ ਯੂ.ਕੇ ਤੇ ਗੋਲਡਨ ਵਿਰਸਾ ਯੂ ਕੇ ਵੱਲੋਂ ਜ਼ੋਰਦਾਰ ਸਵਾਗਤ

## ਵੱਖ ਵੱਖ ਸ਼ਹਿਰਾਂ 'ਚ ਬਿਖੇਰਣਗੇ ਆਪਣੀ ਕਲਾ ਦਾ ਰੰਗ -ਰਾਜਵੀਰ ਸਮਰਾ



ਲੰਡਨ (ਚਰਨਜੀਤ ਜੋਗੀ) ਸੰਗੀਤਕ ਖੇਤਰ ਚ' ਆਪਣੇ ਚਰਚਿਤ ਗੀਤ "ਦੇਦੇ ਗੇੜਾ" ਨਾਲ ਅਹਿਮ ਸਥਾਨ ਬਣਾਉਣ ਵਾਲੇ ਤੇ ਮਾਖਿਓਂ ਮਿੱਠੀ ਅਵਾਜ਼ ਦੇ ਮਾਲਕ "ਬਲਬੀਰ ਬੋਪਾਰਾਏ"ਦਾ ਯੂ ਕੇ ਪਹੁੰਚਣ ਤੇ ਲਵ ਫੋਰ ਮਿਊਜ਼ਿਕ ਤੇ ਗੋਲਡਨ ਵਿਰਸਾ ਯੂ.ਕੇ. ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਲੰਡਨ ਦੇ ਹੀਥਰੋ ਏਅਰਪੋਰਟ ਪਹੁੰਚਣ ਤੇ ਬਲਬੀਰ ਬੋਪਾਰਾਏ ਦਾ 'ਲਵ ਫੋਰ ਮਿਊਜ਼ਿਕ' ਤੋਂ ਰਣਜੀਤ ਸਿੰਘ ਮਠਾੜੂ , ਪ੍ਰਸਿੱਧ ਅਦਾਕਾਰਾ ਤੇ ਐਂਕਰ ਮੋਹਨਜੀਤ ਕੌਰ ਬਸਰਾ ਤੇ 'ਗੋਲਡਨ ਵਿਰਸਾ ਯੂ ਕੇ' ਦੇ ਐੱਮ ਡੀ ਰਾਜਵੀਰ ਸਮਰਾ, ਗੁਰਵਿੰਦਰ ਸਿੰਘ ਚੀਮਾ ਤੇ ਸਮੂਹ ਟੀਮ ਦੁਆਰਾ ਫੁੱਲਾਂ ਦਾ ਗੁਲਦਸਤਾ ਭੇਂਟ ਕੀਤਾ ਗਿਆ। ਇਸ ਦੌਰਾਨ ਬਲਬੀਰ ਬੋਪਾਰਾਏ ਨੇ ਦੱਸਿਆ ਕਿ ਉਹ 'ਲਵ ਫਾਰ ਮਿਊਜ਼ਿਕ' ਦੇ ਵਿਸ਼ੇਸ਼ ਸੱਦੇ ਤੇ ਯੂ ਕੇ ਵਿਚ ਆਏ ਹਨ। ਇਸ ਲਈ ਉਹ ਹਮੇਸ਼ਾ ਲਵ ਫਾਰ ਮਿਊਜ਼ਿਕ ਦੇ ਧੰਨਵਾਦੀ ਰਹਿਣਗੇ। ਇਸ ਦੌਰਾਨ ਲਵ ਫੋਰ ਮਿਊਜ਼ਿਕ ਤੋਂ ਰਣਜੀਤ ਸਿੰਘ ਮਠਾੜੂ,ਗੋਲਡਨ ਵਿਰਸਾ ਯੂ ਕੇ ਦੇ ਐੱਮ ਡੀ ਰਾਜਵੀਰ ਸਮਰਾ ,ਪ੍ਰਸਿੱਧ ਅਦਾਕਾਰਾ ਤੇ ਐਂਕਰ ਮੋਹਨਜੀਤ ਕੌਰ ਬਸਰਾ, ਗੁਰਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਬਲਬੀਰ ਬੋਪਾਰਾਏ ਦਾ ਯੂ ਕੇ ਦੌਰਾਨ ਕਾਫੀ ਰੁਝੇਵਿਆਂ ਭਰਿਆ ਹੈ। ਉਹਨਾਂ ਕਿਹਾ ਕਿ ਇਸ ਦੌਰੇ ਦੌਰਾਨ ਬਲਬੀਰ ਬੋਪਾਰਾਏ ਦੁਆਰਾ ਯੂ ਕੇ ਦੇ ਵੱਖ ਵੱਖ ਸ਼ਹਿਰਾਂ ਵਿੱਚ ਲਵ ਫੋਰ ਮਿਊਜ਼ਿਕ ਦੁਆਰਾ ਕਰਵਾਏ ਜਾ ਰਹੇ ਸੰਗੀਤਕ ਪ੍ਰੋਗਰਾਮਾਂ ਵਿਚ ਆਪਣੀ ਕਲਾ ਦਾ ਰੰਗ ਬਿਖੇਰਣਗੇ। ਇਸ ਦੌਰਾਨ ਨੇ ਬਲਬੀਰ ਬੋਪਾਰਾਏ ਨੂੰ ਜੀ ਆਇਆਂ ਆਖਿਆ

## ਪੰਜਾਬੀ ਪਹਿਚਾਣ ਪ੍ਰਬੰਧਕੀ ਬੋਰਡ

| | | |
|---|---|---|
| ਮੁੱਖ ਸੰਪਾਦਕ<br>ਜਗਜੀਤ ਸਿੰਘ ਧੰਜੂ | ਸੰਪਾਦਕ<br>ਚਰਨਜੀਤ ਸਿੰਘ ਸੰਘਾ | ਪ੍ਰਬੰਧਕੀ ਸੰਪਾਦਕ<br>ਗੁਰਪ੍ਰੀਤ ਸਿੰਘ ਧੰਜੂ |
| ਮੁੱਖ ਸਲਾਹਕਾਰ<br>ਐਡਵੋਕੇਟ ਸੁਕੇਤ ਗੁਪਤਾ | ਮੁੱਖ ਸਲਾਹਕਾਰ<br>ਸ੍ਰੀਮਤੀ ਜਤਿੰਦਰ ਕੌਰ | ਕਾਨੂੰਨੀ ਸਲਾਹਕਾਰ<br>ਐਡਵੋਕੇਟ ਟੀ.ਐਸ. ਢਿੱਲੋਂ |
| ਲੋਕ ਸੰਪਰਕ ਅਧਿਕਾਰੀ<br>ਰਮਨਦੀਪ ਢੰਡਾ | ਲੋਕ ਸੰਪਰਕ ਅਧਿਕਾਰੀ<br>ਸਤਨਾਮ ਜੋਸਨ | ਲੋਕ ਸੰਪਰਕ ਅਧਿਕਾਰੀ<br>ਹਿਨਾ ਕਨੌਜੀਆ |

Office : SCO-207 2nd Floor, Silver Plaza, Sodal Road, Jalandhar (PB) INDIA






# ਇਟਲੀ 'ਚ ਪੰਜਾਬੀ ਨੂੰ ਮਿਲਿਆ ਸ਼ੁੱਧਤਾ ਅਤੇ ਹਰਿਆਲੀ ਰੱਖਣ ਲਈ ਸਰਵਉੱਚ ਸਨਮਾਨ



ਖੁਸ਼ੀ ਸਾਂਝੀ ਕਰਦੇ ਹੋਏ ਸਥਾਨਕ ਆਗੂ ਅਤੇ ਹੋਰ

ਵੈਨਿਸ (ਇਟਲੀ) (ਹਰਦੀਪ ਸਿੰਘ ਕੰਗ): ਇਟਲੀ ਚ ਟੂਰਜਿਮ ਨੂੰ ਵਧਾਉਣ ਅਤੇ ਕਾਰੋਬਾਰੀ ਅਦਾਰਿਆਂ ਦੀ ਬਿਹਤਰੀ ਲਈ ਕਾਰਜਸ਼ੀਲ ਐਸੋਸੀਏਸ਼ਨ 'ਫਿਨਏਮਪਰੇਸਾ' ਵੱਲੋ ਇੱਥੋ ਦੇ ਸ਼ਹਿਰ ਆਂਸੀਓ ਵਿਖੇ ਕਰਵਾਏ ਇਕ ਸਨਮਾਨ ਸਮਾਗਮ ਦੌਰਾਨ ਵੱਖ ਵੱਖ ਖਿੱਤਿਆ ਵਿਚ ਯੋਗਦਾਨ ਪਾਉਣ ਵਾਲੀਆ ਕਈ ਨਾਮੀ ਸ਼ਖਸ਼ੀਅਤਾਂ ਨੂੰ ਪ੍ਰਮਾਣ ਪੱਤਰ ਦੇਕੇ ਸਨਮਾਨਿਤ ਕੀਤਾ ਗਿਆ ਇਸ ਦੌਰਾਨ ਪਹੁੰਚੇ ਹੋਏ ਨੁਮਾਇੰਦਿਆ ਨੇ ਐਸੋਸੀਏਸ਼ਨ ਦੁਆਰਾ ਵਿਸ਼ਵ ਪੱਧਰ 'ਤੇ ਕੀਤੇ ਜਾ ਰਹੇ ਕਾਰਜਾਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਟੂਰਜਿਮ ਅਤੇ ਵਿਦੇਸ਼ਾਂ ਵਿੱਚ ਕਾਰੋਬਾਰ ਨੂੰ ਹਰ ਵਧੀਆ ਤਰੀਕੇ ਉਤਿਸ਼ਾਹਿਤ ਕਰਨ ਲਈ ਏਸ਼ੀਆਈ ਦੇਸ਼ਾਂ ਵਿੱਚੋ ਵੱਡੇ ਪੱਧਰ ਤੇ ਸਹਿਯੋਗ ਮਿਲ ਰਿਹਾ ਹੈ ਤੇ ਦੂਜੇ ਦੇਸ਼ਾਂ ਤੋਂ ਇਟਲੀ ਆ ਕਿ ਵੱਸੇ ਬਹੁਤ ਸਾਰੇ ਵੱਡੇ ਕਾਰੋਬਾਰੀ ਆਦਾਰੇ ਫਿਨਏਨਪਰੇਸਾ, ਰਲਕੇ ਚੰਗਾ ਕੰਮ ਕਰ ਰਹੇ ਹਨ।

ਇਸ ਮੌਕੇ ਉਨਾਂ ਵੱਲੋ ਵੱਖ ਵੱਖ ਖਿੱਤਿਆ ਨਾਲ ਸਬੰਧਤ ਕਾਰੋਬਾਰੀਆਂ ਨੂੰ ਪ੍ਰਮਾਣ ਪੱਤਰ ਦੇਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਭਾਰਤੀ ਭਾਈਚਾਰੇ ਲਈ ਬੇਹੱਦ ਮਾਣ ਗੱਲ ਰਹੀ ਕਿ ਪਿਛਲੇ ਕਈ ਸਾਲਾਂ ਤੋਂ ਗਾਰਡਨ ਦੇ ਖੇਤਰ ਵਿੱਚ ਪੌਦਿਆ ਅਤੇ ਫੁੱਲਾਂ ਦੀ ਰਿਕਾਰਡ ਪੈਦਾਵਾਰ ਲਈ ਜਾਣੇ ਜਾਂਦੇ 'ਢਿੱਲੋ ਗਾਰਡਨ' ਦੇ ਮਾਲਕ ਜਸਵਿੰਦਰ ਸਿੰਘ ਢਿੱਲੋ ਨੂੰ ਵਾਤਾਵਰਨ ਦੀ ਸ਼ੁੱਧਤਾ, ਹਰਿਆਲੀ ਅਤੇ ਬਾਗਬਾਨੀ ਦੀ ਚੰਗੀ ਸਾਂਭ ਸੰਭਾਲ ਲਈ ਪ੍ਰਮਾਣ ਪੱਤਰ ਦੇਕੇ ਸਨਮਾਨਿਤ ਕੀਤਾ ਗਿਆ। ਦੱਸਣਯੋਗ ਹੈ ਕਿ ਢਿੱਲੋ ਗਾਰਡਨ ਵਾਲੇ ਪੌਦਿਆ ਅਤੇ ਫੁੱਲਾਂ ਦੀ ਰਿਕਾਰਡ ਪੈਦਾਵਾਰ ਲਈ ਜਾਣੇ ਜਾਂਦੇ ਹਨ ਅਤੇ ਉਨਾਂ ਨੂੰ ਇਸ ਖਿੱਤੇ ਵਿਚ ਪਾਏ ਯੋਗਦਾਨ ਲਈ ਸਨਮਾਨ ਮਿਲਣਾ ਸੱਚਮੁੱਚ ਪੰਜਾਬੀ ਭਾਈਚਾਰੇ ਲਈ ਵੱਡੇ ਮਾਣ ਵਾਲੀ ਗੱਲ ਹੈ ਇਸ ਮੌਕੇ ਪਹੁੰਚੇ ਹੋਏ ਵੱਖ ਵੱਖ ਅਦਾਰਿਆਂ ਦੇ ਸੰਚਾਲਿਕਾਂ ਤੋਂ ਇਲਾਵਾ ਭਾਈ ਹਰਭਜਨ ਸਿੰਘ, ਰਾਜਵਿੰਦਰ ਸਿੰਘ (ਫਤਿਹਪੁਰ) ਵੱਲੋ ਪੰਜਾਬੀ ਭਾਈਚਾਰੇ ਦਾ ਸਨਮਾਨ ਵਧਾਉਣ ਲਈ ਜਸਵਿੰਦਰ ਸਿੰਘ ਢਿੱਲੋ ਅਤੇ ਉਨਾਂ ਦੀ ਟੀਮ ਮੈਨਜਮੈਂਟ ਨੂੰ ਵਿਸ਼ੇਸ਼ ਤੌਰ 'ਤੇ ਮੁਬਾਰਕਬਾਦ ਆਖਿਆ ਗਿਆ।

# ਟਾਟਾ ਹੁਣ ਬਣਾਏਗਾ ਹੈਲੀਕਾਪਟਰ



ਇਕ ਤੋਂ ਵੱਧ ਕੇ ਇਕ ਪਾਵਰਫੁੱਲ ਗੱਡੀਆਂ ਬਣਾਉਣ ਤੋਂ ਬਾਅਦ ਹੁਣ ਟਾਟਾ ਗਰੁੱਪ ਹੈਲੀਕਾਪਟਰ ਬਣਾਏਗਾ। ਇਸ ਲਈ ਗਰੁੱਪ ਨੇ ਯੂਰਪੀ ਕੰਪਨੀ ਏਅਰਬੱਸ ਨਾਲ ਸਮਝੌਤਾ ਕੀਤਾ ਹੈ। ਇਸ ਦੀ ਜਾਣਕਾਰੀ ਖੁਦ ਏਅਰਬੱਸ 'ਨੇ ਦਿੱਤੀ ਹੈ। ਕੰਪਨੀ ਵਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਏਅਰਬੱਸ ਹੈਲੀਕਾਪਟਰਜ਼ ਨੇ ਕਿਹਾ ਕਿ ਉਹ ਦੇਸ਼ ਵਿਚ ਹੈਲੀਕਾਪਟਰ ਬਣਾਉਣ ਦਾ ਪਲਾਂਟ ਸਥਾਪਿਤ ਕਰਨ ਲਈ ਟਾਟਾ ਸਮੂਹ ਨਾਲ ਸਾਂਝੇਦਾਰੀ ਕਰ ਰਿਹਾ ਹੈ।

ਏਅਰਬੱਸ ਹੈਲੀਕਾਪਟਰ ਨੇ ਇਕ ਬਿਆਨ 'ਚ ਕਿਹਾ ਕਿ ਉਹ 'ਫਾਈਨਲ ਅਸੈਂਬਲੀ ਲਾਈਨ' (ਨਿਰਮਾਣ ਇਕਾਈ) ਰਾਹੀਂ 'ਸਿਵਿਲ ਰੇਂਜ' ਦੇ ਏਅਰਬੱਸ ਐੱਚ125 ਹੈਲੀਕਾਪਟਰ ਦਾ ਨਿਰਮਾਣ ਕਰੇਗੀ। ਇਸ ਦਾ ਉਤਪਾਦਨ ਭਾਰਤ ਅਤੇ ਕੁੱਝ ਗੁਆਂਢੀ ਦੇਸ਼ਾਂ ਨੂੰ ਬਰਾਮਦ ਕਰਨ ਨੂੰ ਲੈ ਕੇ ਕੀਤਾ ਜਾਏਗਾ। ਇਸ ਵਿਚ ਕਿਹਾ ਗਿਆ ਹੈ ਕਿ 'ਫਾਈਨਲ ਅਸੈਂਬਲੀ ਲਾਈਨ' (ਐੱਫ. ਏ. ਐੱਲ.) ਨਿੱਜੀ ਖੇਤਰ ਦੇ ਭਾਰਤ ਵਿਚ ਹੈਲੀਕਾਪਟਰ ਨਿਰਮਾਣ ਸਹੂਲਤ ਸਥਾਪਿਤ ਕਰਨ ਦੀ ਪਹਿਲੀ ਉਦਾਹਰਣ ਹੋਵੇਗੀ। ਇਹ ਭਾਰਤ ਸਰਕਾਰ ਦੇ 'ਆਤਮ ਨਿਰਭਰ ਭਾਰਤ' ਪ੍ਰੋਗਰਾਮ ਨੂੰ ਰਫਤਾਰ ਦੇਵੇਗਾ।

**ਟਾਟਾ ਐਡਵਾਂਸਡ ਸਿਸਟਮਸ ਨਾਲ ਪਲਾਂਟ ਸਥਾਪਿਤ ਕਰੇਗੀ :** ਇਸ ਸਾਂਝੇਦਾਰੀ ਦੇ ਤਹਿਤ ਟਾਟਾ ਸਮੂਹ ਦੀ ਸਹਾਇਕ ਕੰਪਨੀ ਟਾਟਾ ਐਡਵਾਂਸਡ ਸਿਸਟਮਸ ਲਿਮਟਿਡ (ਟੀ. ਏ. ਐੱਸ. ਐੱਲ.) ਏਅਰਬੱਸ ਹੈਲੀਕਾਪਟਰਸ ਨਾਲ ਪਲਾਂਟ ਸਥਾਪਿਤ ਕਰੇਗੀ। ਇਹ ਐਲਾਨ 26 ਜਨਵਰੀ ਨੂੰ ਗਣਤੰਤਰ ਦਿਵਸ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂ ਦੀ ਦੋ ਦਿਨਾਂ ਭਾਰਤ ਯਾਤਰਾ ਦੌਰਾਨ ਕੀਤੀ ਗਈ। ਏਅਰਬੱਸ ਹੈਲੀਕਾਪਟਰਸ ਨੇ ਕਿਹਾ ਕਿ ਭਾਰਤ ਵਿਚ ਐੱਫ. ਏ. ਐੱਲ. ਮੁਖੀ ਆਟੋ ਪਾਰਟਸ ਨੂੰ ਜੋੜਨ (ਅਸੈਂਬਲੀ), ਏਵੀਓਨਿਕਸ ਅਤੇ ਮਿਸ਼ਨ ਸਿਸਟਮ, ਇਲੈਕਟ੍ਰੀਕਲ ਹਾਰਨੇਸ ਦੀ ਸਥਾਪਨਾ, ਹਾਈਡ੍ਰੌਲਿਕ ਸਰਕਿਟ, ਉਡਾਣ ਕੰਟਰੋਲ, ਈਂਧਨ ਪ੍ਰਣਾਲੀ ਅਤੇ ਇੰਜਣ ਦੇ ਏਕੀਕਰਨ ਦਾ ਕੰਮ ਕਰੇਗਾ। ਬਿਆਨ ਮੁਤਾਬਕ ਇਸ ਤੋਂ ਇਲਾਵਾ ਇਹ ਭਾਰਤ ਅਤੇ ਖੇਤਰ ਵਿਚ ਗਾਹਕਾਂ ਲਈ ਐੱਚ125 ਦਾ ਪਰੀਖਣ, ਯੋਗਤਾ ਅਤੇ ਡਿਸਟ੍ਰੀਬਿਊਟ ਵੀ ਕਰੇਗਾ।

**ਐੱਫ. ਏ. ਐੱਲ. ਨੂੰ ਸਥਾਪਿਤ ਹੋਣ 'ਚ 24 ਮਹੀਨਿਆਂ ਦਾ ਸਮਾਂ ਲੱਗੇਗਾ :** ਇਸ ਵਿਚ ਕਿਹਾ ਗਿਆ ਹੈ ਕਿ ਐੱਫ. ਏ. ਐੱਲ. ਨੂੰ ਸਥਾਪਿਤ ਹੋਣ ਵਿਚ 24 ਮਹੀਨਿਆਂ ਦਾ ਸਮਾਂ ਲੱਗੇਗਾ ਪਹਿਲਾਂ 'ਮੇਡ ਇਨ ਇੰਡੀਆ' ਐੱਚ125 ਦੀ ਡਲਿਵਰੀ 2026 ਦੇ ਸ਼ੁਰੂ ਹੋਣ ਦੀ ਉਮੀਦ ਹੈ। ਬਿਆਨ ਮੁਤਾਬਕ 'ਫਾਈਨਲ ਅਸੈਂਬਲੀ ਲਾਈਨ' ਲਗਾਉਣ ਲਈ ਸਥਾਨ ਏਅਰਬੱਸ ਅਤੇ ਟਾਟਾ ਸਮੂਹ ਸਾਂਝੇ ਤੌਰ 'ਤੇ ਤੈਅ ਕਰਨਗੇ। ਏਅਰਬੱਸ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ. ਈ. ਓ.) ਗੁਈਲਾਮ ਫਾਊਰੀ ਨੇ ਕਿਹਾ ਕਿ ਰਾਸ਼ਟਰ ਨਿਰਮਾਣ ਲਈ ਹੈਲੀਕਾਪਟਰ ਅਹਿਮ ਹਨ। 'ਮੇਡ-ਇਨ-ਇੰਡੀਆ ਸਿਵਿਲ ਹੈਲੀਕਾਪਟਰ ਨਾ ਸਿਰਫ ਆਤਮ-ਵਿਸ਼ਵਾਸ ਨਾਲ ਭਰੇ ਨਵੇਂ ਭਾਰਤ ਦਾ ਪ੍ਰਤੀਕ ਹੋਵੇਗਾ। ਸਗੋਂ ਦੇਸ਼ ਵਿਚ ਹੈਲੀਕਾਪਟਰ ਬਾਜ਼ਾਰ ਦੀ ਅਸਲ ਸਮਰੱਥਾ ਨੂੰ ਵੀ ਸਾਹਮਣੇ ਲਿਆਏਗਾ


ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਪ੍ਰਕਾਸ਼ ਦਿਵਸ ਦੀਆਂ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਦਰਬਾਰਾ ਸਿੰਘ ਵਿਰਦੀ

ਸੀਨੀਅਰ ਅਕਾਲੀ ਆਗੂ

ਸੁਲਤਾਨਪੁਰ ਲੋਧੀ



ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਪ੍ਰਕਾਸ਼ ਦਿਵਸ ਦੀਆਂ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ



Sukhdev Singh Judge

MD

AKAL

Group of Institutions

Sultanpur Lodhi



ਜਗਜੀਤ ਸਿੰਘ ਸਪੁੱਤਰ ਦਲਵਿੰਦਰ ਸਿੰਘ, ਪਿੰਡ ਗਾਜੀਪੁਰ, ਜ਼ਿਲ੍ਹਾ ਕਪੂਰਥਲਾ-144626, ਪੰਜਾਬ (ਇੰਡੀਆ) ਨੇ ਵਿਨੀ ਪ੍ਰਿੰਟਿੰਗ ਪ੍ਰੈੱਸ, ਨੇੜੇ ਬੀ.ਡੀ.ਓ. ਆਫਿਸ, ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ (ਪੰਜਾਬ) ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ

ਐਡੀਟਰ : ਜਗਜੀਤ ਸਿੰਘ। RNI NO: PUNMUL/2022/85966